
ਕਵਿਤਾ :

# ਪਾਠ - 1

## ਹੇ ਪਿਆਰੀ ਭਾਰਤ ਮਾਂ

(ਤੇਰਾ ਸਿੰਘ ਚੰਨ)

ਹੇ ਪਿਆਰੀ ਭਾਰਤ ਮਾਂ, ਅਸੀਂ ਤੈਨੂੰ ਸੀਸ ਨਿਵਾਂਦੇ ਹਾਂ,
ਤੇਰੇ ਤੋਂ ਸਦਕੇ ਜਾਂਦੇ ਹਾਂ।
ਸਾਨੂੰ ਲੋਰੀਆਂ ਦਿੱਤੀਆਂ ਮਾਂ, ਤੇਰੇ ਗਿੱਧਿਆਂ ਦੀ ਬੋਲੀ ਨੇ,
ਸਾਨੂੰ ਹੱਸਣਾ ਦੱਸਿਆ ਮਾਂ, ਤੇਰੇ ਭੰਗੜੇ ਦੀ ਟੋਲੀ ਨੇ।
ਅਸੀਂ ਡਿੱਗ-ਡਿੱਗ ਹੋਏ ਜਵਾਨ, ਨਾ ਸਮਝੇ ਸਾਨੂੰ ਕੋਈ ਨਾਦਾਨ,
ਅਗਾਂਹ ਨੂੰ ਕਦਮ ਵਧਾਂਦੇ ਹਾਂ।
ਸਾਨੂੰ ਟੁਰਨਾ ਦੱਸਿਆ ਮਾਂ, ਤੇਰੇ ਵਗਦੇ ਦਰਿਆਵਾਂ ਨੇ,
ਸਾਨੂੰ ਨੱਚਣਾ ਦੱਸਿਆ ਮਾਂ, ਲਹਿਰਾਂ ਦੀਆਂ ਸ਼ੋਖ਼-ਅਦਾਵਾਂ ਨੇ।
ਤੇਰੀ ਮਿਠੜੀ ਮਸਤ ਹਵਾ, ਸਾਨੂੰ ਅਰਸ਼ੀਂ ਦਏ ਪੁਚਾ,
ਸੁਰਗ ਨੂੰ ਕੋਲ ਬੁਲਾਂਦੇ ਹਾਂ।
ਸਾਨੂੰ ਹਿੰਮਤ ਦਿੱਤੀ ਮਾਂ, ਤੇਰੇ ਇਸ ਉੱਚ ਹਿਮਾਲੇ ਨੇ,
ਸਾਨੂੰ ਦਿੱਤੇ ਸੱਚ ਨਿਆਂ, ਗੰਗਾ ਦੇ ਇੱਕ ਉਛਾਲੇ ਨੇ।
ਤੇਰੇ ਹਰੇ ਭਰੇ ਨੇ ਖੇਤ, ਕਿ ਤੇਰੀ ਸੋਨੇ ਵਰਗੀ ਰੇਤ।
ਮੱਥੇ ਧੂੜੀ ਲਾਂਦੇ ਹਾਂ।
ਸਾਨੂੰ ਜੀਣਾ ਦੱਸਿਆ ਮਾਂ, ਤੇਰੀਆਂ ਮਸਤ ਬਹਾਰਾਂ ਨੇ,
ਸਾਨੂੰ ਮਰਨਾ ਦੱਸਿਆ ਮਾਂ, ਭਗਤ ਸਿੰਘ ਜਿਹੇ ਸਰਦਾਰਾਂ ਨੇ,
ਸਾਡੇ ਬੁੱਧ ਵਰਗੇ ਭਗਵਾਨ, ਤੇ ਸਾਡੇ ਗਾਂਧੀ ਜਿਹੇ ਇਨਸਾਨ,
ਉਹਨਾਂ ਤੋਂ ਸਿੱਖਿਆ ਪਾਂਦੇ ਹਾਂ।
ਅਸੀਂ ਸਹੁੰ ਖਾਂਦੇ ਹਾਂ ਮਾਂ, ਭਗਤ ਸਿੰਘ ਦੀ ਕੁਰਬਾਨੀ ਦੀ,
ਅਸੀਂ ਸਹੁੰ ਖਾਂਦੇ ਹਾਂ ਮਾਂ, ਤੇਰੀ ਝਾਂਸੀ ਦੀ ਰਾਣੀ ਦੀ।
ਤੇਰੇ ਵਲ ਜਿਹੜਾ ਤੱਕੇਗਾ, ਉਹ ਸਾਥੋਂ ਬਚ ਨਹੀਂ ਸੱਕੇਗਾ,
ਅਸੀਂ ਇਹ ਕਸਮਾਂ ਖਾਂਦੇ ਹਾਂ।



# ਪਾਠ ਅਭਿਆਸ

1. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਸੀਸ | - | ਸਿਰ |
| ਨਾਦਾਨ | - | ਅਨਜਾਣ, ਬੇ-ਸਮਝ |
| ਸ਼ੋਖ | - | ਚੰਚਲ |
| ਅਦਾਵਾਂ | - | ਨਖਰੇ |
| ਅਰਸ਼ੀਂ | - | ਅਸਮਾਨ ਵਿਚ, ਆਕਾਸ਼ ਵਿਚ |
| ਧੂੜੀ | - | ਮਿੱਟੀ |
| ਕੁਰਬਾਨੀ | - | ਬਲੀਦਾਨ, ਸ਼ਹੀਦੀ |

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :
   (ੳ) ਭਾਰਤ ਮਾਂ ਸਾਨੂੰ ਕਿਉਂ ਪਿਆਰੀ ਲੱਗਦੀ ਹੈ ?
   (ਅ) ਅਸੀਂ ਭਾਰਤ ਮਾਂ ਦਾ ਸਤਿਕਾਰ ਕਿਉਂ ਕਰਦੇ ਹਾਂ ?
   (ੲ) ਸਾਨੂੰ ਹੱਸਣ ਅਤੇ ਨੱਚਣ ਦੀ ਜਾਚ ਕਿਸ-ਕਿਸ ਤੋਂ ਮਿਲੀ ਹੈ ?
   (ਸ) ਸਾਨੂੰ ਕੁਰਬਾਨੀ ਦੀ ਸਿੱਖਿਆ ਕਿਸ ਤੋਂ ਮਿਲਦੀ ਹੈ ?
   (ਹ) ਇਸ ਕਵਿਤਾ ਦੇ ਕਵੀ ਦਾ ਨਾਂ ਦੱਸੋ।
3. ਉਪਰੋਕਤ ਗੀਤ ਵਿਚੋਂ ਕਿਸੇ ਇਕ ਪੈਰ੍ਹੇ ਦੀ ਵਿਆਖਿਆ ਕਰੋ।
4. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ।
   (ੳ) ਸਾਨੂੰ ਨੱਚਣਾ ਦੱਸਿਆ ਮਾਂ ..............................।
   (ਅ) ਤੇਰੇ ਹਰੇ ਭਰੇ ਨੇ ਖੇਤ ..................................।
5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ :
   ਸੀਸ, ਲੋਰੀਆਂ, ਟੋਲੀ, ਨਾਦਾਨ, ਸੁਰਗ, ਹਿੰਮਤ, ਸਹੁੰ, ਕੁਰਬਾਨੀ, ਲਹਿਰਾਂ, ਭੰਗੜਾ।

**ਅਧਿਆਪਕ ਲਈ :**

ਅਧਿਆਪਕ ਵਿਦਿਆਰਥੀਆਂ ਨੂੰ ਭਾਰਤ ਦੇਸ਼ ਬਾਰੇ ਹੋਰ ਜਾਣਕਾਰੀ ਦੇਵੇ।

**ਵਿਦਿਆਰਥੀਆਂ ਲਈ :**

ਇਸ ਕਵਿਤਾ ਨੂੰ ਜ਼ੁਬਾਨੀ ਯਾਦ ਕਰੋ ਅਤੇ ਮਿਲ ਕੇ ਗਾਉ।

ਲੇਖ :

# ਪਾਠ - 2

## ਮੇਰਾ ਭਾਰਤ ਦੇਸ਼

ਮੇਰੇ ਦੇਸ਼ ਦਾ ਨਾਮ ਭਾਰਤ ਹੈ। ਸਾਡੇ ਦੇਸ਼ ਦੀ ਰਾਜਧਾਨੀ ਦਿੱਲੀ ਹੈ। ਸਾਡੇ ਦੇਸ਼ ਵਿਚ 29 ਰਾਜ ਅਤੇ 7 ਕੇਂਦਰ ਸ਼ਾਸਿਤ ਪ੍ਰਦੇਸ਼ ਹਨ। ਸਾਡਾ ਦੇਸ਼ ਸੰਨ 1947 ਵਿਚ ਅੰਗਰੇਜ਼ੀ ਰਾਜ ਤੋਂ ਆਜ਼ਾਦ ਹੋਇਆ। ਦੇਸ਼ ਦੀ ਆਜ਼ਾਦੀ ਲਈ ਬਹੁਤ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਕੁਰਬਾਨੀਆਂ ਦਿੱਤੀਆਂ। ਇਸ ਦੇ ਉੱਤਰ ਵਿਚ ਚੀਨ ਅਤੇ ਨੇਪਾਲ ਦੇਸ਼ ਹਨ। ਇਸ ਦੇ ਪੂਰਬ ਵਲ ਬੰਗਲਾ ਦੇਸ਼ ਅਤੇ ਮਯਾਂਮਾਰ (ਬਰਮਾ) ਹੈ। ਇਸ ਦੇ ਉੱਤਰ-ਪੱਛਮ ਵਿਚ ਪਾਕਿਸਤਾਨ ਹੈ। ਇਸ ਦੇ ਦੱਖਣ ਵਿਚ ਸ਼੍ਰੀਲੰਕਾ ਹੈ।




ਮੇਰੇ ਦੇਸ਼ ਦੇ ਉੱਤਰ ਵਿਚ ਹਿਮਾਲਾ ਪਰਬਤ ਹੈ। ਇਸ ਦੀਆਂ ਪਹਾੜੀਆਂ ਬੜੀਆਂ ਉੱਚੀਆਂ ਹਨ। ਮਾਊਂਟ ਐਵਰਸਟ ਨਾਮ ਦੀ ਇਸ ਦੀ ਇਕ ਚੋਟੀ ਦੁਨੀਆਂ ਵਿਚ ਸਭ ਤੋਂ ਉੱਚੀ ਹੈ। ਇਹ ਉੱਤਰ ਦੀਆਂ ਠੰਢੀਆਂ ਹਵਾਵਾਂ ਨੂੰ ਰੋਕਦਾ ਹੈ। ਉੱਤਰੀ ਭਾਰਤ ਦੀਆਂ ਸਭ ਨਦੀਆਂ ਇਸ ਪਰਬਤ ਵਿਚੋਂ ਹੀ ਨਿਕਲਦੀਆਂ ਹਨ। ਇਨ੍ਹਾਂ ਦੇ ਨਾਮ ਸਤਲੁਜ, ਬਿਆਸ, ਜਮਨਾ, ਗੰਗਾ, ਬ੍ਰਹਮ-ਪੁੱਤਰ ਆਦਿ ਹਨ। ਰਾਵੀ, ਚਨਾਬ, ਜੇਹਲਮ ਅਤੇ ਸਿੰਧ ਵੀ ਇਸ ਪਰਬਤ ਵਿਚੋਂ ਨਿਕਲ ਕੇ ਪਾਕਿਸਤਾਨ ਵਲ ਚਲੀਆਂ ਜਾਂਦੀਆਂ ਹਨ। ਇਨ੍ਹਾਂ ਨਦੀਆਂ ਦੇ ਕਾਰਣ ਹੀ ਗੰਗਾ ਅਤੇ ਸਿੰਧ ਦੀ ਘਾਟੀ ਬੜੀ ਉਪਜਾਊ ਹੈ। ਇਨ੍ਹਾਂ ਨਦੀਆਂ ਉੱਤੇ ਬੰਨ੍ਹ ਜਾਂ ਡੈਮ ਬਣਾ ਕੇ ਬਿਜਲੀ ਪੈਦਾ ਕੀਤੀ ਗਈ ਹੈ ਅਤੇ ਇਨ੍ਹਾਂ ਵਿਚੋਂ ਨਹਿਰਾਂ ਕੱਢੀਆਂ ਗਈਆਂ ਹਨ। ਇਨ੍ਹਾਂ ਨਹਿਰਾਂ ਦਾ ਪਾਣੀ ਦੇਸ਼ ਦੇ ਕੋਣੇ-ਕੋਣੇ ਤੱਕ ਪਹੁੰਚਾਇਆ ਗਿਆ। ਜਿਸ ਨਾਲ ਭਾਰਤ ਖੇਤੀ ਦੇ ਖੇਤਰ ਵਿਚ ਆਤਮ ਨਿਰਭਰ ਦੇਸ਼ ਬਣ ਗਿਆ ਹੈ। ਅੱਜ ਭਾਰਤ ਅਨਾਜ ਉਤਪਾਦਨ ਦੇ ਖੇਤਰ ਵਿਚ ਨੰਬਰ ਇਕ 'ਤੇ ਆ ਗਿਆ ਹੈ।

ਮੇਰੇ ਦੇਸ਼ ਵਿਚ ਕਈ ਬੋਲੀਆਂ ਪ੍ਰਚਲਿਤ ਹਨ। ਬੰਗਾਲ ਪ੍ਰਾਂਤ ਦੇ ਲੋਕ ਬੰਗਾਲੀ ਬੋਲਦੇ ਹਨ। ਏਸੇ ਤਰ੍ਹਾਂ ਤਾਮਿਲਨਾਡੂ ਵਿਚ ਤਾਮਿਲ, ਕੇਰਲਾ ਵਿਚ ਮਲਿਆਲਮ, ਕਰਨਾਟਕ ਵਿਚ ਕੱਨੜ, ਆਂਧਰਾ ਪ੍ਰਦੇਸ਼ ਵਿਚ ਤੇਲਗੂ, ਮਹਾਰਾਸ਼ਟਰ ਵਿਚ ਮਰਾਠੀ ਅਤੇ ਗੁਜਰਾਤ ਵਿਚ ਗੁਜਰਾਤੀ, ਪੰਜਾਬ ਵਿਚ ਪੰਜਾਬੀ ਬੋਲੀ ਜਾਂਦੀ ਹੈ। ਉੱਤਰੀ ਅਤੇ ਮੱਧ ਭਾਰਤ ਦੇ ਰਾਜਾਂ ਵਿਚ ਵਧੇਰੇ ਹਿੰਦੀ ਬੋਲੀ ਜਾਂਦੀ ਹੈ। ਹਿੰਦੀ ਸਾਡੀ ਰਾਸ਼ਟਰ ਭਾਸ਼ਾ ਤੇ ਰਾਜ ਭਾਸ਼ਾ ਹੈ। ਦੇਸ਼ ਦੇ ਬਹੁਤੇ ਭਾਗਾਂ ਵਿਚ ਇਹ ਸਮਝੀ ਜਾਂਦੀ ਹੈ। ਇਸ ਬੋਲੀ ਦੇ ਸਿੱਖਣ ਅਤੇ ਬੋਲਣ ਨਾਲ ਸਾਡੀ ਰਾਸ਼ਟਰੀ ਏਕਤਾ ਨੂੰ ਬਲ ਮਿਲਦਾ ਹੈ।

ਸਾਡੇ ਦੇਸ਼ ਦਾ ਇਤਿਹਾਸ ਬੜਾ ਪੁਰਾਣਾ ਹੈ। ਇਥੇ ਕਈ ਨਸਲਾਂ, ਕੌਮਾਂ ਤੇ ਰੰਗਾਂ ਦੇ ਲੋਕ ਬਾਹਰੋਂ ਆਉਂਦੇ ਰਹੇ ਹਨ। ਹੌਲ਼ੀ ਹੌਲ਼ੀ ਉਹ ਸਾਰੇ ਹੀ ਸਾਡੀਆਂ ਰਵਾਇਤਾਂ ਅਤੇ ਸਭਿਆਚਾਰ ਵਿਚ ਸਮਾ ਜਾਂਦੇ ਰਹੇ। ਅੱਜ ਵੀ ਇਥੇ ਵੱਖ-ਵੱਖ ਰੰਗਾਂ, ਬੋਲੀਆਂ, ਜਾਤਾਂ ਤੇ ਧਰਮਾਂ ਦੇ ਲੋਕ ਹਨ ਪਰ ਉਹ ਸਾਰੇ ਹੀ ਭਾਰਤੀ ਹਨ। ਸਾਨੂੰ ਆਪਣੀ ਸਾਂਝੀ ਪਰੰਪਰਾ ਉੱਤੇ ਮਾਣ ਹੈ। ਇਸ ਕਰਕੇ ਇਹ ਕਹਾਵਤ ਮਸ਼ਹੂਰ ਹੈ।

ਹਿੰਦੂ, ਮੁਸਲਿਮ, ਸਿੱਖ, ਈਸਾਈ,
ਇਹ ਹਨ ਸਾਰੇ ਭਾਈ ਭਾਈ।

ਸਾਡਾ ਦੇਸ਼ ਇਕ ਵੱਡਾ ਦੇਸ਼ ਹੈ। 2011 ਦੀ ਜਨਗਣਨਾ ਅਨੁਸਾਰ ਭਾਰਤ ਦੀ ਜਨਸੰਖਿਆ ਲਗਭਗ 121 ਕਰੋੜ ਹੈ। ਜਨਸੰਖਿਆ ਦੇ ਪੱਖੋਂ ਭਾਰਤ ਦੁਨੀਆਂ ਦਾ ਦੂਜਾ ਵੱਡਾ ਦੇਸ਼ ਹੈ। ਖੇਤਰਫਲ ਦੇ ਪੱਖੋਂ ਭਾਰਤ ਦਾ ਦੁਨੀਆਂ ਵਿਚ ਸੱਤਵਾਂ ਸਥਾਨ ਹੈ। ਆਜ਼ਾਦੀ ਮਿਲਣ ਤੋਂ ਪਹਿਲਾਂ ਇਹ ਇਕ ਗ਼ੁਲਾਮ ਅਤੇ ਗ਼ਰੀਬ ਦੇਸ਼ ਸਮਝਿਆ ਜਾਂਦਾ ਸੀ। ਪਰ ਸੁਤੰਤਰ ਹੋਣ ਦੇ ਬਾਅਦ ਇਸ ਨੇ ਬੜੀ ਪ੍ਰਗਤੀ ਕੀਤੀ ਹੈ। ਇਹ ਸੰਸਾਰ ਦਾ ਸਭ ਤੋਂ ਵੱਡਾ ਗਣਤੰਤਰ ਹੈ।

ਸਾਡਾ ਦੇਸ਼ ਮੁੱਖ ਤੌਰ 'ਤੇ ਖੇਤੀ-ਪ੍ਰਧਾਨ ਦੇਸ਼ ਹੈ। ਸਾਨੂੰ ਦੇਸ਼ ਦੀ ਉਪਜ ਵਿਚ ਵਾਧਾ ਕਰਨਾ ਚਾਹੀਦਾ ਹੈ। ਇਸ ਨਾਲ ਦੇਸ਼ ਦੀ ਸ਼ਾਨ ਵਿਚ ਵੀ ਵਾਧਾ ਹੁੰਦਾ ਹੈ ਅਤੇ ਦੇਸ਼ ਸ਼ਕਤੀਸ਼ਾਲੀ ਬਣਦਾ ਹੈ।

## ਅਭਿਆਸ

**1.** ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਨਸਲਾਂ | - | ਕਿਸਮਾਂ / ਜਾਤੀਆਂ |
| ਰਵਾਇਤਾਂ | - | ਪਰੰਪਰਾਵਾਂ / ਰੀਤੀ ਰਿਵਾਜ |
| ਸਭਿਆਚਾਰ | - | ਸੰਸਕ੍ਰਿਤੀ |
| ਪ੍ਰਗਤੀ | - | ਤਰੱਕੀ |
| ਖ਼ੇਤਰਫਲ | - | ਕੁੱਲ ਰਕਬਾ |

**2.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

(ੳ) ਆਪਣੇ ਦੇਸ਼ ਦੀ ਰਾਜਧਾਨੀ ਦਾ ਨਾਮ ਲਿਖੋ।
(ਅ) ਸਾਡੇ ਦੇਸ਼ ਵਿਚ ਕੁੱਲ ਕਿੰਨੇ ਰਾਜ ਹਨ ?
(ੲ) ਭਾਰਤ ਕਦੋਂ ਆਜ਼ਾਦ ਹੋਇਆ ?
(ਸ) ਭਾਰਤ ਦੇਸ਼ ਦੇ ਗੁਆਂਢੀ ਦੇਸ਼ਾਂ ਦੇ ਨਾਮ ਲਿਖੋ।
(ਹ) ਭਾਰਤ ਦੀ ਸਭ ਤੋਂ ਉੱਚੀ ਚੋਟੀ ਦਾ ਨਾਮ ਲਿਖੋ।
(ਕ) ਆਪਣੇ ਦੇਸ਼ ਦੀਆਂ ਪ੍ਰਮੁੱਖ ਨਦੀਆਂ ਦੇ ਨਾਮ ਲਿਖੋ।
(ਖ) ਆਪਣੇ ਦੇਸ਼ ਦੀ ਰਾਸ਼ਟਰੀ ਭਾਸ਼ਾ ਦੱਸੋ।
(ਗ) ਸਾਨੂੰ ਆਪਣੇ ਦੇਸ਼ ਦੀ ਏਕਤਾ ਬਣਾਈ ਰੱਖਣ ਲਈ ਕੀ ਕਰਨਾ ਚਾਹੀਦਾ ਹੈ ?

ਲੇਖ :

# ਪਾਠ - 3

# ਪਿੰਡ ਇਉਂ ਬੋਲਦੈ

ਸ਼ਰਨਜੀਤ ਕੌਰ

ਦੀਪ ਨੂੰ ਸਕੂਲ ਵਿਚ ਛੁੱਟੀਆਂ ਹੋ ਗਈਆਂ ਸਨ। ਉਹ ਮਾਡਲ ਸਕੂਲ ਵਿਚ ਪੜ੍ਹਦਾ ਸੀ। ਉਸ ਦੇ ਦੋਸਤ ਕਿਧਰੇ ਨਾ ਕਿਧਰੇ ਸੈਰ ਕਰਨ ਜਾ ਰਹੇ ਸਨ। ਉਹ ਵੀ ਚਾਹੁੰਦਾ ਸੀ ਕਿ ਕਿਸੇ ਵੱਡੇ ਸ਼ਹਿਰ - ਜੈਪੁਰ, ਜੋਧਪੁਰ, ਪਾਲਮਪੁਰ ਜਾਂ ਬੰਗਲੌਰ ਜਾਵੇ। ਸਕੂਲੋਂ ਘਰ ਪਹੁੰਚਦਿਆਂ ਹੀ ਉਸ ਨੇ ਆਪਣੇ ਪਾਪਾ ਨੂੰ ਪੁੱਛਿਆ, "ਪਾਪਾ ਅਸੀਂ ਛੁੱਟੀਆਂ ਵਿਚ ਘੁੰਮਣ ਕਿੱਥੇ ਜਾਵਾਂਗੇ ? ਛੁੱਟੀਆਂ ਤਾਂ ਅੱਜ ਤੋਂ ਹੀ ਹੋ ਗਈਆਂ ਹਨ।"

ਪਾਪਾ ਉਸ ਦੀ ਗੱਲ ਸੁਣ ਕੇ ਮੁਸਕਰਾਏ ਤੇ ਕਹਿਣ ਲੱਗੇ, "ਬੇਟਾ ! ਮੈਂ ਸੋਚਦਾ ਹਾਂ ਕਿ ਐਤਕੀਂ ਤੁਹਾਨੂੰ ਪਿੰਡ ਦੀ ਸੈਰ ਕਰਾਈ ਜਾਵੇ। ਪਿੰਡ, ਜਿੱਥੇ ਤੇਰੇ ਦਾਦਾ, ਦਾਦੀ ਤੇ ਤਾਇਆ, ਤਾਈ ਰਹਿੰਦੇ ਹਨ।"

"ਲੈ ਬੱਸ ! ਪਿੰਡ ਹੀ, ਮੇਰਾ ਦੋਸਤ ਰਮਨ ਤਾਂ ਜੈਪੁਰ ਜਾ ਰਿਹਾ ਹੈ ਤੇ ਏਕਮ ਤਾਂ ਲੰਡਨ, ਕੇਵਲ ਸੈਰ ਕਰਨ ਹੀ ਜਾ ਰਿਹੈ ਤੇ ਮੈਂ ਪਿੰਡ" ....... ਉਸ ਨੇ ਗੁੱਸੇ ਹੁੰਦੇ ਕਿਹਾ।

"ਬੇਟਾ ! ਤੂੰ ਪਿੰਡ ਜਾ ਕੇ ਦੇਖੀਂ ਤਾਂ ਸਹੀ, ਤੈਨੂੰ ਕਿੰਨਾ ਚੰਗਾ ਲੱਗੇਗਾ।"

"ਨਹੀਂ ! ਨਹੀਂ, ਮੈਂ ਪਿੰਡ ਨਹੀਂ ਜਾਣਾ। ਮਾਸੀ ਜੀ ਦੀ ਬੇਟੀ ਕੰਚੂ ਦੱਸਦੀ ਸੀ ਕਿ ਪਿੰਡ ਵਿਚ ਤਾਂ ਗੋਹੇ ਦੀ ਬਦਬੂ ਆਉਂਦੀ ਰਹਿੰਦੀ ਏ।"

"ਹੁਣ ਉਹ ਗੱਲ ਨਹੀਂ ਏ ਬੇਟੇ। ਅਸੀਂ ਤਾਂ ਕਾਫ਼ੀ ਸਾਲਾਂ ਮਗਰੋਂ ਜਾ ਰਹੇ ਹਾਂ। ਹੁਣ ਪਿੰਡ ਵਿਚ ਗੋਹੇ ਦੀ ਬਦਬੂ ਨਹੀਂ ਆਉਂਦੀ। ਹੁਣ ਤਾਂ ਉੱਥੇ ਗੋਹੇ ਦੀ ਗੈਸ ਬਣਨ ਲੱਗ ਪਈ ਏ। ਸਾਰਾ ਗੋਹਾ ਇਕ ਥਾਂ ਗੋਬਰ ਗੈਸ ਪਲਾਂਟ ਕੋਲ ਇਕੱਠਾ ਕਰ ਦਿੱਤਾ ਜਾਂਦਾ ਏ।"

ਦੀਪ ਦੀ ਭੈਣ ਰਾਣੋ ਪਾਪਾ ਦੀ ਗੱਲ ਸੁਣ ਕੇ ਬੋਲੀ, "ਹਾਂ ਪਾਪਾ ਜੀ ! ਅੱਜ ਕੱਲ੍ਹ ਪਿੰਡਾਂ ਨੇ ਤਾਂ ਬਹੁਤ ਤਰੱਕੀ ਕਰ ਲਈ ਹੈ। ਸਾਡੇ ਇੱਥੇ ਤਾਂ ਹਰ ਵੇਲ਼ੇ ਚੀਕ-ਚਿਹਾੜਾ, ਮਿੱਟੀ-ਘੱਟਾ ਉੱਡਦਾ ਰਹਿੰਦਾ ਏ। ਪਿੰਡਾਂ ਵਿਚ ਤਾਂ ਹੁਣ ਪੱਕੀਆਂ ਸੜਕਾਂ ਬਣ ਗਈਆਂ ਨੇ ਤੇ ਉੱਥੇ ਹੁਣ ਧੂੜ-ਮਿੱਟੀ ਵੀ ਨਹੀਂ ਹੁੰਦੀ।"

ਭੈਣ ਦੀ ਗੱਲ ਸੁਣ ਕੇ ਦੀਪ ਪਿੰਡ ਜਾਣ ਲਈ ਮੰਨ ਗਿਆ।

ਦੀਪ ਦੇ ਮਾਤਾ ਜੀ ਨੇ ਪਿੰਡ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਦੂਜੇ ਦਿਨ ਉਹ ਆਪਣੀ ਕਾਰ ਰਾਹੀਂ ਪਿੰਡ ਨੂੰ ਤੁਰ ਪਏ ਤੇ ਸ਼ਾਮ ਦੇ ਘੁਸਮੁਸੇ ਤਕ ਪਿੰਡ ਪਹੁੰਚ ਗਏ। ਉਹਨਾਂ ਨੂੰ ਦੇਖ ਕੇ ਦੀਪ ਦੇ ਦਾਦਾ-ਦਾਦੀ ਤੇ ਤਾਇਆ-ਤਾਈ ਤੇ ਉਹਨਾਂ ਦੇ ਬੱਚੇ ਰੇਣੂ ਤੇ ਰਾਜ ਬਹੁਤ ਖ਼ੁਸ਼ ਹੋਏ। ਦੇਖਦਿਆਂ-ਦੇਖਦਿਆਂ ਪਿੰਡ ਦਾ ਵਿਹੜਾ ਲੋਕਾਂ ਨਾਲ ਭਰ ਗਿਆ। ਸਾਰੇ ਉਹਨਾਂ ਦਾ ਹਾਲ-ਚਾਲ ਪੁੱਛ ਰਹੇ ਸਨ। ਬੱਚਿਆਂ ਦੇ ਸਿਰਾਂ 'ਤੇ ਹੱਥ ਰੱਖ ਪਿਆਰ ਦੇ ਰਹੇ ਸਨ। ਦੀਪ ਆਪਣੀ ਭੈਣ ਨੂੰ ਕਹਿਣ ਲੱਗਾ, "ਭੈਣ ਸ਼ਹਿਰ ਵਿਚ ਤਾਂ ਐਂ ਕਦੀ ਨਹੀਂ ਹੁੰਦਾ।" ਭੈਣ ਨੇ ਸਮਝਾਇਆ, "ਦੀਪ' ਇਹੀ ਤਾਂ ਫ਼ਰਕ ਹੈ ਪਿੰਡਾਂ ਤੇ ਸ਼ਹਿਰਾਂ ਦਾ, ਇੱਥੇ ਆਪਸ ਵਿਚ ਆਂਢ-ਗੁਆਂਢ ਦਾ ਬਹੁਤ ਪਿਆਰ ਹੁੰਦਾ ਏ।"

ਐਨੇ ਨੂੰ ਰੇਣੂ ਤੇ ਰਾਜ ਭੱਜੇ-ਭੱਜੇ ਉਹਨਾਂ ਕੋਲ ਆਏ ਤੇ ਕੰਨ ਵਿਚ ਕਹਿਣ ਲੱਗੇ, "ਆਪਾਂ ਸਵੇਰੇ-ਸਵੇਰੇ ਨਹਿਰ 'ਤੇ ਜਾਵਾਂਗੇ। ਉੱਥੇ ਖ਼ੂਬ ਮੌਜ-ਮਸਤੀ ਕਰਾਂਗੇ। ਉੱਥੇ ਨੇੜੇ ਹੀ ਬੋਹੜ ਉੱਤੇ ਅਸੀਂ ਪੀਂਘ ਵੀ ਪਾਈ ਹੋਈ ਹੈ, ਝੂਟੇ ਲਵਾਂਗੇ। ਗੱਲਾਂ ਕਰਦੇ ਕਰਦੇ ਉਹ ਰਾਤ ਨੂੰ ਸੌਂ ਗਏ। ਸਵੇਰੇ ਚਿੜੀਆਂ ਦੀ ਚੀਂ-ਚੀਂ ਨੇ, ਰੁੱਖਾਂ ਦੀ ਸਰਸਰਾਹਟ ਨੇ,

ਗਾਲ੍ਹੜਾਂ ਦੀਆਂ ਟਪੂਸੀਆਂ ਨੇ ਉਹਨਾਂ ਨੂੰ ਆਪਣੇ ਆਪ ਹੀ ਸਵੇਰੇ ਜਗਾ ਦਿੱਤਾ ਤੇ ਉਹ ਸਾਰੇ ਨਹਿਰ ਵਲ ਨੂੰ ਸੈਰ ਕਰਨ ਤੁਰ ਪਏ।

ਥੱਕ-ਟੁੱਟ ਕੇ ਨੱਚਦੇ-ਟੱਪਦੇ ਉਹ ਵਾਪਸ ਮੁੜੇ ਤਾਂ ਉਹਨਾਂ ਨੂੰ ਮਿੱਸੀਆਂ, ਵੇਸਣ-ਪਿਆਜ਼ ਵਾਲ਼ੀਆਂ ਰੋਟੀਆਂ, ਨਾਲ਼ ਤਾਜ਼ੀ ਲੱਸੀ ਤੇ ਮੱਖਣ ਜੋ ਉਸ ਦੇ ਦਾਦੀ ਜੀ ਨੇ ਸਵੇਰੇ-ਸਵੇਰੇ ਦੁੱਧ ਰਿੜਕ ਕੇ ਕੱਢਿਆ ਸੀ, ਖਾਣ ਨੂੰ ਮਿਲਿਆ। ਦੀਪ ਨੂੰ ਮਿੱਸੀ ਰੋਟੀ ਬਹੁਤ ਸੁਆਦ ਲੱਗੀ। ਉਸ ਨੇ ਆਪਣੇ ਦਾਦੀ ਜੀ ਨੂੰ ਕਿਹਾ, "ਸ਼ਹਿਰ ਵਿਚ ਤਾਂ ਬਜ਼ਾਰੀ ਮੱਖਣ ਖਾ-ਖਾ ਕੇ ਮੈਂ ਬਹੁਤ ਅੱਕ ਗਿਆ ਸੀ।"

ਦਿਨ ਵੇਲੇ ਉਹਨਾਂ ਦੇ ਤਾਇਆ ਜੀ ਸਾਰਿਆਂ ਨੂੰ ਆਪਣੇ ਫਾਰਮ 'ਤੇ ਲੈ ਗਏ। ਫਲ਼ਾਂ ਦੇ ਬੂਟੇ ਫਲ਼ਾਂ ਨਾਲ ਝੂਲ ਰਹੇ ਸਨ। ਅਮਰੂਦ ਦੇ ਬੂਟਿਆਂ ਉੱਤੇ ਤਾਂ ਢੇਰ ਸਾਰੇ ਅਮਰੂਦ ਲੱਗੇ ਹੋਏ ਸਨ ਤੇ ਉਹ ਇੰਨੇ ਨੀਵੇਂ ਸਨ ਕਿ ਭਾਵੇਂ ਹੱਥ ਨਾਲ਼ ਤੋੜ ਲਵੋ। ਦੀਪ ਦੇ ਤਾਇਆ ਜੀ ਦੇ ਲੜਕੇ ਨੇ ਦੱਸਿਆ ਕਿ ਇਹਨਾਂ ਅਮਰੂਦਾਂ ਵਿਚ ਕੀੜਾ ਨਹੀਂ ਹੁੰਦਾ, ਕਿਉਂਕਿ ਇੱਥੇ ਜਿੰਨੇ ਵੀ ਬੂਟੇ ਲਗਾਏ ਗਏ ਹਨ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਹਿਦਾਇਤਾਂ ਅਨੁਸਾਰ ਹੀ ਲਾਏ ਗਏ ਹਨ। ਯੂਨੀਵਰਸਿਟੀ ਦੇ ਸੁਝਾਵਾਂ ਅਨੁਸਾਰ ਹੁਣ ਆਰਗੈਨਿਕ ਖੇਤੀ ਦਾ ਵੀ ਰੁਝਾਨ ਹੋ ਗਿਆ ਹੈ। ਤਾਇਆ ਜੀ ਪਾਪਾ ਨੂੰ ਕਹਿ ਰਹੇ ਸਨ ਕਿ "ਐਤਕੀਂ ਕਣਕ ਦਾ ਝਾੜ ਵੀ ਬਹੁਤ ਸੀ। ਖੇਤੀਬਾੜੀ ਮਾਹਿਰ ਇੱਥੇ ਆਏ ਸਨ, ਉਹਨਾਂ ਅਨੁਸਾਰ ਹੀ ਬਿਜਾਈ ਵਗੈਰਾ ਕੀਤੀ ਸੀ।"

ਸ਼ਾਮ ਨੂੰ ਤਾਈ ਜੀ ਨੇ ਖੇਤਾਂ 'ਚੋਂ ਤਾਜ਼ਾ-ਤਾਜ਼ਾ ਸਾਗ ਤੋੜ ਕੇ ਲਿਆਂਦਾ ਤੇ ਬਣਾਇਆ ਰਾਤੀਂ ਸਾਗ ਨਾਲ਼ ਮੱਕੀ ਦੀਆਂ ਰੋਟੀਆਂ ਪਕਾਈਆਂ। ਸਾਰਿਆਂ ਨੇ ਬੜੇ ਸੁਆਦ ਨਾਲ਼ ਸਾਗ ਤੇ ਮੱਕੀ ਦੀ ਰੋਟੀ ਖਾਧੀ।

ਅਗਲੇ ਦਿਨ ਉਹਨਾਂ ਨੇ ਦਰਿਆ ਵਿੱਚ ਲੱਗੀ ਪਣ-ਚੱਕੀ ਦੇਖੀ, ਤੇਲ ਕੱਢਣ ਵਾਲ਼ਾ ਕੋਹਲੂ ਦੇਖਿਆ। ਉੱਥੇ ਨੇੜੇ ਹੀ ਇੱਕ ਪੋਲਟਰੀ ਫਾਰਮ ਸੀ। ਤਾਇਆ ਜੀ ਸਭ ਬੱਚਿਆਂ ਨੂੰ ਉੱਥੇ ਲੈ ਗਏ। ਕੁੱਕੜੀਆਂ ਕਿੱਥੇ ਅੰਡੇ ਦਿੰਦੀਆਂ ਹਨ, ਉਹਨਾਂ ਦੀ ਖੁਰਾਕ ਦਾ ਇੰਤਜ਼ਾਮ, ਪਾਣੀ ਦਾ ਇੰਤਜ਼ਾਮ, ਸਾਫ਼-ਸਫ਼ਾਈ ਆਦਿ ਉਹਨਾਂ ਨੇ ਸਭ ਵੇਖਿਆ। ਸਭ ਨੇ ਰਲ਼ ਕੇ ਖ਼ੂਬ ਮੌਜ-ਮਸਤੀ ਕੀਤੀ।

ਇਉਂ ਹਰ ਰੋਜ਼ ਕੁਝ ਨਾ ਕੁਝ ਨਵਾਂ ਦੇਖਦਿਆਂ ਹਫ਼ਤਾ ਲੰਘ ਗਿਆ। ਹੁਣ ਤਾਂ ਦੀਪ ਕਹਿ ਰਿਹਾ ਸੀ, "ਪਾਪਾ... ਅਜੇ ਤਾਂ ਹੋਰ ਵੀ ਕਈ ਕੁਝ ਦੇਖਣ ਵਾਲਾ ਰਹਿ ਗਿਆ ਏ ਤੇ ਨਾਲੇ ਹੁਣ ਤਾਂ ਸ਼ਹਿਰ ਜਾਣ ਨੂੰ ਵੀ ਦਿਲ ਨਹੀਂ ਕਰਦਾ।"

ਅਗਲੇ ਦਿਨ ਜਦੋਂ ਉਹ ਵਾਪਸ ਜਾਣ ਲੱਗੇ ਤਾਂ ਦਾਦੀ ਜੀ ਨੇ ਗੰਨੇ, ਸਾਗ, ਮੱਕੀ ਦਾ ਆਟਾ, ਦਾਲਾਂ ਤੇ ਕਣਕ ਆਦਿ ਗੱਡੀ ਵਿਚ ਪਹਿਲਾਂ ਹੀ ਰਖਵਾ ਦਿੱਤੀਆਂ ਸਨ। ਹੁਣ ਦੀਪ ਆਖ ਰਿਹਾ ਸੀ ਕਿ ਉਹ ਹਰ ਵਾਰ ਛੁੱਟੀਆਂ ਵਿਚ ਪਿੰਡ ਆਇਆ ਕਰੇਗਾ।

## ਅਭਿਆਸ

**1.** ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਮਾਡਲ | - | ਨਮੂਨਾ |
| ਐਤਕੀਂ | - | ਇਸ ਵਾਰ |
| ਘੁਸਮੁਸੇ | - | ਸੰਧਿਆ ਵੇਲੇ, ਸ਼ਾਮ ਸਮੇਂ |
| ਆਂਢ-ਗੁਆਂਢ | - | ਪੜੋਸੀ, ਆਸ-ਪਾਸ ਦੇ ਲੋਕ |

ਸਰਸਰਾਹਟ - ਪੱਤਿਆਂ ਦੀ ਆਵਾਜ਼
ਆਰਗੈਨਿਕ - ਜੈਵਿਕ
ਝਾੜ - ਉਪਜ
ਪਣ-ਚੱਕੀ - ਪਾਣੀ ਨਾਲ ਚਲਣ ਵਾਲੀ ਚੱਕੀ

**2.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

(ੳ) ਦੀਪ ਦੇ ਦੋਸਤ ਕਿੱਥੇ-ਕਿੱਥੇ ਜਾ ਰਹੇ ਸਨ ?
(ਅ) ਪਿੰਡ ਵਿਚ ਗੋਹੇ ਦੀ ਵਰਤੋਂ ਅੱਜ-ਕਲ੍ਹ ਕਿਵੇਂ ਕੀਤੀ ਜਾਂਦੀ ਹੈ ?
(ੲ) ਹੁਣ ਪਿੰਡਾਂ ਨੇ ਕੀ ਤਰੱਕੀ ਕੀਤੀ ਹੈ ?
(ਸ) ਪਿੰਡ ਤੇ ਸ਼ਹਿਰਾਂ ਵਿਚ ਕੀ-ਕੀ ਫ਼ਰਕ ਹਨ ?
(ਹ) ਪਿੰਡਾਂ ਦੇ ਲੋਕ ਹੁਣ ਖੇਤੀ ਕਿਵੇਂ ਕਰਦੇ ਹਨ ਤੇ ਉਸ ਦਾ ਕੀ ਅਸਰ ਹੋਇਆ ?
(ਕ) ਦਾਦੀ ਨੇ ਗੱਡੀ ਵਿਚ ਕੀ-ਕੀ ਰਖਵਾਇਆ ?

**3.** ਹੇਠ ਲਿਖੇ ਵਾਕਾਂ ਦੇ ਸਾਹਮਣੇ ਠੀਕ ✓ ਜਾਂ ਗਲਤ ✕ ਦੇ ਨਿਸ਼ਾਨ ਲਾਓ।

(ੳ) ਪਾਪਾ ਨੇ ਕਿਹਾ, "ਇਸ ਵਾਰ ਤੁਹਾਨੂੰ ਕਿਤੇ ਵੱਡੇ ਸ਼ਹਿਰ ਘੁੰਮਣ ਫਿਰਨ ਲੈ ਕਿ ਜਾਵਾਂਗੇ।" ☐
(ਅ) ਪਿੰਡਾਂ ਨੇ ਅੱਜ-ਕੱਲ ਬਹੁਤ ਤਰੱਕੀ ਕਰ ਲਈ ਹੈ। ☐
(ੲ) ਦੀਪ ਤੇ ਉਸਦਾ ਪਰਿਵਾਰ ਰੇਲ ਗੱਡੀ ਰਾਹੀਂ ਪਿੰਡ ਗਏ। ☐
(ਸ) ਦੂਜੇ ਦਿਨ ਤਾਇਆ ਉਹਨਾਂ ਨੂੰ ਸ਼ਹਿਰ ਲੈ ਗਿਆ। ☐
(ਹ) ਉਹਨਾਂ ਦਾ ਅਜੇ ਵੀ ਸ਼ਹਿਰ ਜਾਣ ਨੂੰ ਦਿਲ ਕਰਦਾ ਸੀ। ☐

**4.** ਖਾਲੀ ਥਾਂਵਾਂ ਵਿਚ ਹੇਠ ਲਿਖੇ ਸ਼ਬਦਾਂ ਵਿਚੋਂ ਠੀਕ ਚੁਣ ਕੇ ਲਿਖੋ।

(ਅੱਕ, ਬਹੁਤ, ਨੱਚਦੇ-ਟੱਪਦੇ, ਰੋਟੀਆਂ, ਮਿੱਸੀਆਂ, ਸਵੇਰੇ-ਸਵੇਰੇ)

ਥੱਕ-ਟੁੱਟ ਕੇ ................ ਉਹ ਵਾਪਸ ਮੁੜੇ ਤਾਂ ਉਹਨਾਂ ਨੂੰ ..............., ਵੇਸਣ ਤੇ ਪਿਆਜ਼ ਵਾਲੀਆਂ ..............., ਨਾਲ ਤਾਜ਼ੀ ਲੱਸੀ ਤੇ ਮੱਖਣ ਜੋ ਉਸ ਦੇ ਦਾਦੀ ਜੀ ਤੇ .................. ਰਿੜਕ ਕੇ ਕੱਢਿਆ ਸੀ, ਖਾਣ ਨੂੰ ਮਿਲਿਆ। ਦੀਪ ਨੂੰ ਮਿੱਸੀ ਰੋਟੀ .................. ਸੁਆਦ ਲੱਗੀ। ਉਸਨੇ ਆਪਣੇ ਦਾਦੀ ਜੀ ਨੂੰ ਕਿਹਾ, "ਸ਼ਹਿਰ ਵਿਚ ਤਾਂ ਬਾਜ਼ਾਰੀ ਮੱਖਣ ਖਾ-ਖਾ ਕੇ ਮੈਂ ਬਹੁਤ ................ ਗਿਆ ਸੀ।"

**5.** ਚਾਰਾਂ ਵਿਚੋਂ ਇਕ ਠੀਕ ਸ਼ਬਦ ਦੀ ਚੋਣ ਕਰੋ।

(ੳ) ਦੀਪ ਕਿਸ ਦੇ ਘਰ ਗਿਆ ?
1. ਮਾਮੇ ਦੇ 2. ਮਾਸੀ ਦੇ 3. ਤਾਏ ਦੇ 4. ਭੂਆ ਦੇ

(ਅ) ਦੀਪ ਕਿਸ ਵਾਹਨ ਤੇ ਪਿੰਡ ਗਿਆ।
1. ਸਾਈਕਲ 'ਤੇ 2. ਰੇਲ ਗੱਡੀ 'ਤੇ 3. ਬੱਸ 'ਤੇ 4. ਕਾਰ 'ਤੇ

(ੲ) ਤਾਏ ਦੇ ਖੇਤ ਵਿਚ ਕਿਸ ਫਲ ਦੇ ਪੌਦੇ ਸਨ ?
1. ਅਨਾਰ 2. ਲੀਚੀ 3. ਅਮਰੂਦ 4. ਆੜੂ

(ਸ) ਦੀਪ ਆਪਣੇ ਤਾਏ ਦੇ ਪਿੰਡ ਕਿੰਨਾ ਚਿਰ ਰਿਹਾ ?
1. ਇਕ ਦਿਨ 2. ਇਕ ਹਫ਼ਤਾ 3. ਇਕ ਮਹੀਨਾ 4. ਇੱਕੀ ਦਿਨ

ਲੇਖ :

# ਪਾਠ - 4

# ਸਾਇੰਸ ਸਿਟੀ

## (ਗਿਆਨ, ਵਿਗਿਆਨ ਤੇ ਮਨੋਰੰਜਨ ਦਾ ਅਨੋਖਾ ਸੰਗਮ)

ਦੇਸ਼ ਅਜ਼ਾਦ ਹੋਣ ਤੋਂ ਬਾਅਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਸਮੇਂ ਤੋਂ ਹੀ ਲੋਕਾਂ ਵਿਚ ਵਿਗਿਆਨਿਕ ਸੋਚ ਪੈਦਾ ਕਰਨ ਅਤੇ ਸਮਾਜ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਣ ਦੇ ਉਪਰਾਲੇ ਸ਼ੁਰੂ ਹੋ ਗਏ ਸਨ। ਬਹੁਤ ਸਾਰੀਆਂ ਕੌਮੀ ਪੱਧਰ ਦੀਆਂ ਪ੍ਰਯੋਗਸ਼ਾਲਾਵਾਂ ਉਸ ਸਮੇਂ ਸਥਾਪਤ ਹੋਈਆਂ, ਜਿਨ੍ਹਾਂ ਨੇ ਭਾਰਤ ਦੇ ਵਿਗਿਆਨ ਤੇ ਤਕਨਾਲੋਜੀ ਦੇ ਵਿਕਾਸ ਵਿਚ ਬਹੁਤ ਅਹਿਮ ਯੋਗਦਾਨ ਪਾਇਆ ਹੈ।

ਭਾਰਤ ਦੀ ਤਰੱਕੀ ਵਾਸਤੇ ਸਮਾਜ ਦੇ ਹਰ ਪ੍ਰਾਣੀ ਵਿਚ ਵਿਗਿਆਨਕ ਸੋਚ ਦਾ ਹੋਣਾ ਅਤਿ ਜ਼ਰੂਰੀ ਹੈ। ਇਸ ਦਿਸ਼ਾ ਵਿਚ ਅਤੇ ਲੋਕਾਂ ਦੇ ਗਿਆਨ ਵਿਚ ਵਾਧਾ ਕਰਨ ਲਈ ਜਲੰਧਰ-ਕਪੂਰਥਲਾ ਸੜਕ 'ਤੇ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸਾਂਝੇ ਤੌਰ 'ਤੇ 72 ਏਕੜ ਜ਼ਮੀਨ ਵਿਚ "ਪੁਸ਼ਪਾ ਗੁਜਰਾਲ ਸਾਇੰਸ-ਸਿਟੀ" ਬਣਾਇਆ ਗਿਆ ਹੈ। ਸਾਇੰਸ ਸਿਟੀ ਦਾ ਨੀਂਹ ਪੱਥਰ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਵੱਲੋਂ 17 ਅਕਤੂਬਰ, 1997 ਨੂੰ ਰੱਖਿਆ ਗਿਆ। ਇਸ ਉਪਰਾਲੇ ਦਾ ਮੰਤਵ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਵਿਗਿਆਨ ਦੇ ਸਿਧਾਂਤਾਂ ਤੋਂ ਮਨੋਰੰਜਕ ਤਰੀਕੇ ਨਾਲ ਜਾਗਰੂਕ ਕਰਨਾ ਹੈ। 19 ਮਾਰਚ, 2005 ਨੂੰ ਇਸ ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ। ਸਾਇੰਸ-ਸਿਟੀ ਦਾ ਨਾਂ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਜੀ ਦੀ ਮਾਤਾ ਸ਼੍ਰੀਮਤੀ ਪੁਸ਼ਪਾ ਗੁਜਰਾਲ ਦੇ ਨਾਂ 'ਤੇ ਰੱਖਿਆ ਗਿਆ ਹੈ। ਆਪ ਇਕ ਸਮਾਜ ਸੇਵਕਾ ਸਨ। ਹੁਣ ਤਕ ਦੇਸ਼ ਭਰ ਤੋਂ ਲੱਖਾਂ ਲੋਕ ਪੰਜਾਬ ਵਿਚ ਸਾਇੰਸ ਸਿਟੀ ਵਿਖੇ ਆ ਕੇ ਅਨੰਦ ਮਾਣ ਚੁੱਕੇ ਹਨ।

ਪੁਸ਼ਪਾ ਗੁਜਰਾਲ ਸਾਇੰਸ-ਸਿਟੀ ਪਹੁੰਚਦਿਆਂ ਹੀ ਸਭ ਤੋਂ ਪਹਿਲਾਂ ਸਾਡੀ ਨਜ਼ਰ ਇਕ ਬਹੁਤ ਵੱਡੇ ਗਲੋਬ 'ਤੇ ਪੈਂਦੀ ਹੈ। ਇਹ ਗਲੋਬ ਵੱਖ-ਵੱਖ ਰੰਗਾਂ ਦੀਆਂ 25 ਲੱਖ ਟਾਈਲਾਂ ਨਾਲ ਬਣਾਇਆ ਗਿਆ ਹੈ। ਬਾਹਰੋਂ ਦਿਸਣ ਵਾਲਾ ਗਲੋਬ ਅਸਲ ਵਿਚ ਇਕ ਥੀਏਟਰ ਹੈ, ਜਿਸ ਵਿਚ ਆਮ ਸਿਨੇਮਾ ਨਾਲ਼ੋਂ 10 ਗੁਣਾ ਵੱਡੀ ਸਕਰੀਨ 'ਤੇ ਫ਼ਿਲਮ ਦਿਖਾਈ ਜਾਂਦੀ ਹੈ। ਇਹ ਆਪਣੀ ਤਰ੍ਹਾਂ ਦਾ ਹੀ ਇਕ ਸਪੇਸ-ਥੀਏਟਰ ਹੈ। ਆਲ਼ੇ-ਦੁਆਲ਼ੇ ਸਕਰੀਨ ਵਾਲ਼ੇ ਇਸ ਥੀਏਟਰ ਵਿਚ ਬੱਦਲ ਗਰਜਣ ਤੋਂ ਲੈ ਕੇ ਇਕ ਸੂਈ ਡਿਗਣ ਤਕ ਦੀ ਅਵਾਜ਼ ਬਿਲਕੁਲ ਸਾਫ਼ ਸੁਣਾਈ ਦਿੰਦੀ ਹੈ। ਇਸ ਵਿਚ



ਬੈਠ ਕੇ ਫ਼ਿਲਮ ਦੇਖਦਿਆਂ ਤੁਹਾਨੂੰ ਇਵੇਂ ਲੱਗੇਗਾ ਜਿਵੇਂ ਤੁਸੀਂ ਵੀ ਫ਼ਿਲਮ ਦਾ ਇਕ ਹਿੱਸਾ ਹੋਵੋ।

ਇਸ ਪੁਲਾੜੀ ਥੀਏਟਰ ਵਿਚ ਡਿਜੀਟਲ ਪਲੈਨੀਟੇਰੀਅਮ ਦਾ ਸ਼ੋਅ ਵੀ ਦਿਖਾਇਆ ਜਾਂਦਾ ਹੈ। ਇਹ ਥੀਏਟਰ ਇਕਦਮ ਰਾਤ ਦੇ ਅਕਾਸ਼ ਵਿਚ ਬਦਲ ਜਾਂਦਾ ਹੈ ਤੇ ਫਿਰ ਸ਼ੁਰੂ ਹੁੰਦੀ ਹੈ ਤਾਰਿਆਂ ਦੀ ਦਾਸਤਾਨ, ਗਲੈਕਸੀਆਂ ਦਾ ਬਣਨਾ, ਤਾਰਿਆਂ ਦਾ ਟੁੱਟਣਾ ਅਤੇ ਵੱਖ-ਵੱਖ ਗ੍ਰਹਿਆਂ ਦਾ ਗਿਆਨ ਇੱਥੇ ਦਿੱਤਾ ਜਾਂਦਾ ਹੈ।

ਸਾਇੰਸ-ਸਿਟੀ ਦੀ ਪੁਲਾੜੀ ਗੈਲਰੀ ਵਿਚ ਪੁਲਾੜ ਦੇ ਰਹਿਣ-ਸਹਿਣ ਤੇ ਖਾਣ-ਪੀਣ ਬਾਰੇ ਬਹੁਮੁੱਲਾ ਗਿਆਨ ਹੈ। ਸਪੇਸ ਸ਼ਟਲ ਦਾ ਮਾਡਲ ਵੀ ਇੱਥੇ ਵਿਸ਼ੇਸ਼ ਖਿੱਚ ਦਾ ਕੇਂਦਰ ਹੈ।

ਇੱਥੋਂ ਦੇ ਫ਼ਲਾਈਟ ਸਿਮੂਲੇਟਰ ਵਿਚ ਬੈਠਿਆਂ ਤੁਹਾਨੂੰ ਇਕ ਅਜੀਬ ਤਰ੍ਹਾਂ ਦਾ ਅਹਿਸਾਸ ਹੋਵੇਗਾ। 5 ਡਿਗਰੀ ਦੀ ਚਾਲ ਵਾਲੀ ਇਸ ਸਵਾਰੀ 'ਤੇ ਜੇਕਰ ਤੁਸੀਂ ਹਵਾਈ ਜਹਾਜ਼ ਵਾਲ਼ੀ ਫ਼ਿਲਮ ਵੇਖੋਗੇ ਤਾਂ ਤੁਹਾਨੂੰ ਇਸ ਤਰ੍ਹਾਂ ਲੱਗੇਗਾ ਕਿ ਜਿਵੇਂ ਤੁਸੀਂ ਹਵਾਈ ਜਹਾਜ਼ ਵਿਚ ਬੈਠੇ ਅਕਾਸ਼ ਵਿਚ ਉੱਡ ਰਹੇ ਹੋ।

ਫ਼ਲਾਈਟ ਸਿਮੂਲੇਟਰ ਦੇ ਨਾਲ਼-ਨਾਲ਼ ਇੱਥੇ ਅਰਥਕੁਏਕ ਸਿਮੂਲੇਟਰ ਦਾ ਸ਼ੋਅ ਵੀ ਹੈ, ਜਿਸ 'ਤੇ ਬੈਠਿਆਂ ਤੁਹਾਨੂੰ ਭੁਚਾਲ ਦੇ ਬਿਲਕੁਲ ਅਸਲੀ ਝਟਕਿਆਂ ਵਰਗਾ ਅਹਿਸਾਸ ਹੋਵੇਗਾ। ਇਸ ਸਿਮੂਲੇਟਰ ਦੇ ਸਾਹਮਣੇ ਲੱਗੀ ਸਕਰੀਨ 'ਤੇ ਦਿਖਾਇਆ ਜਾਂਦਾ ਹੈ ਕਿ ਤੁਸੀਂ ਘਰ ਦੀਆਂ ਵੱਖ-ਵੱਖ ਮੰਜ਼ਲਾਂ, ਵੱਖ-ਵੱਖ ਰੈਕਟਰ ਪੈਮਾਨਿਆਂ 'ਤੇ ਭੁਚਾਲ ਨੂੰ ਕਿੰਝ ਮਹਿਸੂਸ ਕਰਦੇ ਹੋ। ਇਸ ਸਿਮੂਲੇਟਰ ਦੇ ਬਾਹਰ ਦਰਸਾਇਆ ਗਿਆ ਹੈ ਕਿ ਭੁਚਾਲ ਆਉਣ 'ਤੇ ਇਕਦਮ ਕੀ ਕਰਨਾ ਚਾਹੀਦਾ ਹੈ।

ਸਾਇੰਸ-ਸਿਟੀ ਦਾ 3-ਡੀ ਸ਼ੋਅ ਵੀ ਕਮਾਲ ਦਾ ਹੈ। ਇਹ ਸ਼ੋਅ ਸਪੈਸ਼ਲ ਐਨਕਾਂ ਨਾਲ਼ ਦੇਖਿਆ ਜਾਂਦਾ ਹੈ। ਇਸ ਥੀਏਟਰ ਵਿਚ ਬੈਠਿਆਂ ਤੁਹਾਨੂੰ ਇਵੇਂ ਲੱਗੇਗਾ ਜਿਵੇਂ ਫ਼ਿਲਮ ਦੇ ਕਿਰਦਾਰ ਸਕਰੀਨ ਤੋਂ ਬਾਹਰ ਆ ਕੇ ਤੁਹਾਨੂੰ ਛੂਹ ਰਹੇ ਹਨ।

ਸਾਇੰਸ-ਸਿਟੀ ਵਿਚ ਲੇਜ਼ਰ ਦੀਆਂ ਕਿਰਣਾਂ 'ਤੇ ਆਧਾਰਿਤ ਲੇਜ਼ਰ-ਸ਼ੋਅ ਵੀ ਦਿਖਾਇਆ ਜਾਂਦਾ ਹੈ। ਲੇਜ਼ਰ ਦੀ ਖੋਜ 1960 ਵਿਚ ਪ੍ਰਸਿੱਧ ਇੰਜੀਨੀਅਰ ਥੋਡਰ ਮੇਮਾਈਨ ਨੇ ਕੀਤੀ ਸੀ। ਆਧੁਨਿਕ ਯੁੱਗ ਵਿਚ ਉਦਯੋਗ ਤੇ ਮਨੁੱਖੀ ਜੀਵਨ ਲਈ ਲੇਜ਼ਰ ਬਹੁਤ ਹੀ ਲਾਹੇਵੰਦ ਸਿੱਧ ਹੋ ਰਹੀ ਹੈ। ਅਨੰਦ ਦੇ ਨਾਲ਼-ਨਾਲ਼ ਲੇਜ਼ਰ ਅੱਖਾਂ ਦੇ ਰੈਟੀਨਾ ਦੀ ਵੈਲਡਿੰਗ, ਕੈਂਸਰ ਥੈਰੈਪੀ, ਚੀਰਾ ਰਹਿਤ ਓਪਰੇਸ਼ਨ ਕਰਨ ਲਈ ਵਰਤੇ ਜਾਂਦੇ ਹਨ।

ਇਥੇ ਬਣੀ ਸਿਹਤ ਗੈਲਰੀ ਸਾਡੇ ਸਰੀਰ ਦੇ ਰਹੱਸਾਂ ਨੂੰ ਖੋਲ੍ਹਦੀ ਹੈ। ਇਸ ਗੈਲਰੀ ਦੇ ਅੰਦਰ ਵੜਦਿਆਂ ਹੀ ਸਭ ਤੋਂ ਪਹਿਲਾਂ ਨਜ਼ਰ ਪੈਂਦੀ ਹੈ, 12 ਫੁੱਟ ਉੱਚੇ ਦਿਲ ਦੇ ਮਾਡਲ ਉੱਪਰ ਜਿਸ ਦੇ ਵਿਚੋਂ ਲੰਘਦਿਆਂ ਤੁਹਾਨੂੰ ਦਿਲ ਦੀ ਅਸਲੀ ਧੜਕਣ ਦੀ ਅਵਾਜ਼ ਸੁਣਾਈ ਦੇਵੇਗੀ। ਇਸ ਤੋਂ ਇਲਾਵਾ ਇੱਥੇ ਪਾਰਦਰਸ਼ੀ ਮਨੁੱਖ ਥੀਏਟਰ ਵਿਚ ਸਾਨੂੰ ਆਪਣੇ ਸਰੀਰ ਦੇ ਸਾਰੇ ਅੰਗਾਂ ਦੀ ਕਿਰਿਆ ਦਾ ਪਤਾ ਲਗਦਾ ਹੈ। ਸਾਡਾ ਦਿਲ ਦਿਨ ਵਿਚ ਕਿੰਨੀ ਵਾਰ ਧੜਕਦਾ ਹੈ, ਅਸੀਂ ਕਿੰਨੀ ਵਾਰ ਸਾਹ ਲੈਂਦੇ ਹਾਂ ਇਸ ਬਾਰੇ ਇਹ ਪਾਰਦਰਸ਼ੀ ਮਨੁੱਖ ਸਾਨੂੰ ਬੋਲ ਕੇ ਦੱਸਦਾ ਹੈ।

ਐੱਚ. ਆਈ. ਵੀ. ਏਡਜ਼ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਦੀ ਇੱਥੇ ਇਕ ਵੱਖਰੀ ਕਿਸਮ ਦੀ ਗੈਲਰੀ ਬਣਾਈ ਗਈ ਹੈ ਜਿਸ ਵਿਚ ਇਸ ਬਿਮਾਰੀ ਦੇ ਲੱਛਣਾਂ ਤੇ ਕਾਰਨਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ ਹੈ। ਇਸ ਵਿਚ ਕ੍ਰੋਮੋਸਕੋਮ, ਡੀ.ਐਨ.ਏ. ਆਦਿ ਦੇ ਮਾਡਲ ਵੀ ਰੱਖੇ ਗਏ ਹਨ।

ਇਸ ਦੇ ਬਿਲਕੁਲ ਨਾਲ਼ ਹੀ ਵਰਚੂਅਲ ਰਿਆਲਿਟੀ ਗੈਲਰੀ ਹੈ। ਇੱਥੇ ਲਾਈ ਗਈ ਪ੍ਰਦਰਸ਼ਨੀ ਵਿਚ ਸਕਰੀਨ 'ਤੇ ਦਿਖਾਈ ਦਿੰਦੀਆਂ ਤਿਤਲੀਆਂ ਸਾਹਮਣੇ ਖੜ੍ਹੇ ਦਰਸ਼ਕ ਦੀ ਹਿਲ-ਜੁਲ ਦੇ ਨਾਲ਼ ਹਿੱਲਦੀਆਂ ਹਨ ਤੇ ਇਵੇਂ ਮਹਿਸੂਸ ਹੁੰਦਾ ਹੈ, ਜਿਵੇਂ ਇਹ ਤੁਹਾਡੇ ਉੱਪਰ ਆ ਕੇ ਬੈਠ ਗਈਆਂ ਹੋਣ। ਇਸੇ ਤਰ੍ਹਾਂ ਹੀ ਇਕ ਹੋਰ ਪ੍ਰਦਰਸ਼ਨੀ ਵਿਚ ਦਿਖਾਈ

ਦਿੰਦੇ ਦਿਲਕਸ਼ ਬੁਲਬੁਲਿਆਂ ਦੇ ਤੁਸੀਂ ਆਪਣੇ ਪਰਛਾਂਵੇਂ ਦੀ ਸਹਾਇਤਾ ਨਾਲ਼ ਛੱਲੇ ਵੀ ਬਣਾ ਸਕਦੇ ਹੋ ਜੋ ਕਿ ਇਕ ਚੁਣੌਤੀ ਭਰਪੂਰ ਕੰਮ ਹੈ। ਪਰਛਾਂਵਿਆਂ 'ਤੇ ਆਧਾਰਿਤ ਪ੍ਰਦਰਸ਼ਨੀਆਂ ਵਰਚੁਅਲ ਸੈਂਡ ਪ੍ਰਦਰਸ਼ਨੀ ਇਕ ਇਸ ਤਰ੍ਹਾਂ ਦੀ ਪ੍ਰਦਰਸ਼ਨੀ ਹੈ ਜੋ ਤੁਹਾਨੂੰ ਇਹ ਅਹਿਸਾਸ ਕਰਵਾਉਂਦੀ ਹੈ ਕਿ ਜਿਵੇਂ ਤੁਸੀਂ ਰੇਗਿਸਤਾਨ ਵਿਚ ਹੋ ਅਤੇ ਰੇਤ ਤੁਹਾਡੇ ਉਪਰ ਆ ਰਹੀ ਹੈ। ਇੱਥੇ ਤੁਸੀਂ ਰੇਤ ਨੂੰ ਵੱਖ-ਵੱਖ ਰੂਪ ਵੀ ਦੇ ਸਕਦੇ ਹੋ। ਇੱਥੇ ਚਮਤਕਾਰੀ ਫੁੱਲਾਂ ਦੀ ਪ੍ਰਦਰਸ਼ਨੀ ਵਿਚ ਲੱਕੜੀ ਦੇ ਫ਼ਰਸ਼ 'ਤੇ ਪੈਰ ਰੱਖਣ ਨਾਲ ਫੁੱਲ ਖਿੜਨੇ ਸ਼ੁਰੂ ਹੋ ਜਾਂਦੇ ਹਨ। ਜਦੋਂ ਇਹਨਾਂ 'ਤੇ ਕਾਹਲ਼ੀ-ਕਾਹਲ਼ੀ ਪੈਰ ਰੱਖੋਗੇ ਤਾਂ ਇਹ ਬੱਦਲਾਂ ਦਾ ਰੂਪ ਧਾਰਨ ਕਰ ਜਾਣਗੇ। ਇੱਥੇ ਤੁਸੀਂ ਮੇਕ-ਅਪ ਨਾਲ਼ ਸਿਰ਼ਫ ਦੋ ਮਿੰਟ ਵਿਚ ਹੀ ਬੁੱਢੇ ਨੂੰ ਜਵਾਨ ਤੇ ਜਵਾਨ ਨੂੰ ਬਜ਼ੁਰਗ ਬਣਾ ਸਕਦੇ ਹੋ।



ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਬਿਜਲੀ ਦੀ ਸਮੱਸਿਆ ਦੇ ਹੱਲ ਲਈ ਇੱਥੇ ਤਿੰਨ ਏਕੜ ਵਿਚ ਊਰਜਾ ਪਾਰਕ ਬਣਾਇਆ ਗਿਆ ਹੈ। ਸਾਇੰਸ-ਸਿਟੀ ਦੇ ਇਸ ਹਿੱਸੇ ਵਿਚ ਸਿਰ਼ਫ ਸੂਰਜੀ ਊਰਜਾ ਹੀ ਵਰਤੀ ਜਾਂਦੀ ਹੈ।

ਸੰਗੀਤਕ ਕੁਰਸੀ 'ਤੇ ਬੈਠਦਿਆਂ ਹੀ ਇੱਥੇ ਮੀਂਹ ਪੈਣਾ ਸ਼ੁਰੂ ਹੋ ਜਾਵੇਗਾ ਤੇ ਇਕ ਮਿੱਠੀ ਜਿਹੀ ਸੰਗੀਤਕ ਧੁਨ ਸੁਣਾਈ ਦੇਵੇਗੀ। ਇਹ ਇਕ ਅਦਭੁਤ ਨਜ਼ਾਰਾ ਹੈ। ਇਸ ਦੇ ਹੇਠਾਂ ਖੜ੍ਹੇ ਹਾਥੀ ਦੀ ਸੁੰਡ 'ਤੇ ਪਾਣੀ ਪਾਉਣ ਨਾਲ ਹਾਥੀ ਪਾਣੀ ਸੁੱਟਦਾ ਦਿਖਾਈ ਦਿੰਦਾ ਹੈ।

ਪਣ-ਸ਼ਕਤੀ ਕੇਂਦਰ ਊਰਜਾ ਪਾਰਕ ਦਾ ਮੁੱਖ ਆਕਰਸ਼ਣ ਹੈ। ਇੱਥੇ ਰੱਖਿਆ ਗਿਆ ਰਣਜੀਤ ਸਾਗਰ ਡੈਮ ਦਾ ਮਾਡਲ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਇੱਥੇ ਵੱਖ-ਵੱਖ ਮਾਡਲਾਂ ਰਾਹੀਂ ਸਮਝਾਇਆ ਗਿਆ ਹੈ ਕਿ ਪਾਣੀ ਤੋਂ ਬਿਜਲੀ ਕਿਵੇਂ ਤਿਆਰ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਪ੍ਰਮਾਣੂ ਸ਼ਕਤੀ ਕੇਂਦਰ ਵਿਚ ਇਹ ਦੱਸਿਆ ਗਿਆ ਹੈ ਕਿ ਪ੍ਰਮਾਣੂ-ਸ਼ਕਤੀ ਸਿਰ਼ਫ ਬੰਬ ਬਣਾਉਣ ਲਈ ਹੀ ਨਹੀਂ ਸਗੋਂ ਇਹ ਬਹੁਤ ਥਾਂਵਾਂ 'ਤੇ ਸਾਡੀ ਭਲਾਈ ਲਈ ਵੀ ਵਰਤੀ ਜਾਂਦੀ ਹੈ।

ਸਾਇੰਸ-ਸਿਟੀ ਵਿਚ ਬਣੀ ਝੀਲ ਦੇ ਵਿਚਕਾਰ ਇਕ ਟਾਪੂ ਬਣਾਇਆ ਗਿਆ ਹੈ, ਜਿਸ 'ਤੇ ਡਾਇਨਾਸੋਰਾਂ ਦੇ



ਲਗ-ਭਗ 44 ਮਾਡਲ ਆਪਣੀ ਕਹਾਣੀ ਆਪ ਬਿਆਨ ਕਰਦੇ ਹਨ। ਫ਼ਾਈਬਰ ਦੇ ਬਣੇ ਇਹ ਮਾਡਲ ਲਗ-ਭਗ

ਕੁਦਰਤੀ ਲਗਦੇ ਹਨ। ਇਸ ਪਾਰਕ ਵਿਚ ਪੌਦੇ ਵੀ ਉਸ ਸਮੇਂ ਦੇ ਹੀ ਲਾਉਣ ਦਾ ਯਤਨ ਕੀਤਾ ਗਿਆ ਹੈ।

ਜੰਗੀ ਹਥਿਆਰਾਂ ਨਾਲ ਸੰਬੰਧਿਤ ਗੈਲਰੀ ਵਿਚ ਰੱਖਿਆ ਗਿਆ ਮਿੱਗ 23 ਅਗਸਤ, 1980 ਵਿਚ ਬਣਾਇਆ ਗਿਆ ਅਤੇ 1981-82 ਵਿਚ ਭਾਰਤੀ ਹਵਾਈ ਫ਼ੌਜ ਨੂੰ ਸੌਂਪਿਆ ਗਿਆ। ਇਸ ਨੂੰ ਉਪਰੇਸ਼ਨ ਬਰਾਸਟੈਕ ਅਤੇ ਕਾਰਗਿੱਲ ਦੀ ਲੜਾਈ ਵਿਚ ਵਰਤਿਆ ਗਿਆ। ਇੱਥੇ ਰੱਖਿਆ ਗਿਆ ਵਿਜਿਯੰਤਾ ਟੈਂਕ ਭਾਰਤ ਦਾ ਬਣਿਆ ਸੁਦੇਸ਼ੀ ਟੈਂਕ ਹੈ। ਇਹ ਟੈਂਕ 1971 ਦੀ ਜੰਗ ਵਿਚ ਵਰਤੇ ਗਏ ਸਨ।

ਜਹਾਜ਼ ਵਿਚ ਬੈਠਣ ਦੀ ਇੱਛਾ ਅੱਜ ਹਰੇਕ ਦੀ ਹੈ ਪਰ ਪੂਰੀ ਕਿਸੇ-ਕਿਸੇ ਦੀ ਹੀ ਹੁੰਦੀ ਹੈ। ਸਾਇੰਸ-ਸਿਟੀ ਵਿਚ ਰੱਖਿਆ ਗਿਆ ਸਵਾਤੀ ਐਲ-ਟੀ ਹਵਾਈ ਜਹਾਜ਼ ਇੱਥੇ ਆਉਣ ਵਾਲ਼ਿਆਂ ਦੀ ਇਹ ਇੱਛਾ ਪੂਰੀ ਕਰਦਾ ਹੈ। ਇਹ ਜਹਾਜ਼ ਪੰਜਾਬ ਸਰਕਾਰ ਨੇ ਸਾਇੰਸ-ਸਿਟੀ ਨੂੰ ਤੋਹਫ਼ੇ ਵਜੋਂ ਦਿੱਤਾ ਹੈ। ਇਸ ਦੀ ਵਰਤੋਂ ਜਹਾਜ਼ ਚਾਲਕਾਂ ਦੀ ਟ੍ਰੇਨਿੰਗ ਲਈ ਕੀਤੀ ਜਾਂਦੀ ਰਹੀ ਹੈ।

ਸਾਇੰਸ-ਸਿਟੀ ਵਿਚ ਸਾਇੰਸ ਆਫ਼ ਸਪੋਰਟਸ ਗੈਲਰੀ ਵੀ ਹੈ। ਇਹ ਗੈਲਰੀ ਖੇਡਾਂ ਪਿੱਛੇ ਕੰਮ ਕਰਦੇ ਵਿਗਿਆਨਿਕ ਸਿਧਾਂਤਾਂ ਦੇ ਰਹੱਸਾਂ ਨੂੰ ਖੋਲ੍ਹਦੀ ਹੈ। ਕ੍ਰਿਕਟ ਵਿਚ ਬਾਲ ਕਿਵੇਂ ਸਪਿੰਨ ਹੁੰਦੀ ਹੈ, ਸਮੇਤ ਸਾਰੀਆਂ ਖੇਡਾਂ ਜਿਵੇਂ ਹਾਕੀ, ਬਾਸਕਟਬਾਲ, ਵਾਲੀਬਾਲ ਆਦਿ ਪਿੱਛੇ ਕੰਮ ਕਰਦੇ ਵਿਗਿਆਨਿਕ ਸਿਧਾਂਤਾਂ ਨੂੰ ਇੱਥੇ ਵਿਸਥਾਰ ਵਿਚ ਸਮਝਾਇਆ ਗਿਆ ਹੈ।

ਇਸ ਤੋਂ ਇਲਾਵਾ ਰੇਲਵੇ-ਗੈਲਰੀ ਵਿਚ ਦਿੱਲੀ ਦੀ ਮੈਟਰੋ, ਜਾਪਾਨ ਦੀ ਬੁਲਿਟ-ਟ੍ਰੇਨ, ਕਾਲਕਾ ਦੀ ਸ਼ਿਮਲਾ ਰੇਲ ਦੇ ਮਾਡਲ ਪ੍ਰਦਰਸ਼ਿਤ ਕੀਤੇ ਗਏ ਹਨ।

ਇਸ ਪ੍ਰਕਾਰ ਵਿਗਿਆਨ ਅਤੇ ਮਨੋਰੰਜਨ ਦਾ ਇਹ ਅਨੋਖਾ ਸੰਗਮ ਅੱਜ ਸਾਰੇ ਵਿਦਿਆਰਥੀ ਜਗਤ ਲਈ ਇਕ ਚਾਨਣ-ਮੁਨਾਰੇ ਦਾ ਕੰਮ ਕਰ ਰਿਹਾ ਹੈ।

## ਅਭਿਆਸ

**1.** ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਗਲੋਬ | - | ਭੂ-ਮੰਡਲ (ਧਰਤੀ ਦਾ ਇਕ ਗੋਲੇ ਉੱਤੇ ਬਣਾਇਆ ਨਕਸ਼ਾ) |
| ਦਾਸਤਾਨ | - | ਕਹਾਣੀ, ਵਿਥਿਆ |
| ਅਹਿਮ | - | ਜ਼ਰੂਰੀ |
| ਯੋਗਦਾਨ | - | ਸਹਿਯੋਗ |
| ਕਿਰਦਾਰ | - | ਪਾਤਰ |
| ਥੀਏਟਰ | - | ਨਾਟਕ ਘਰ, ਨਾਟਕ ਖੇਡਣ ਦੀ ਥਾਂ |
| ਉਪਰਾਲੇ | - | ਜਤਨ, ਉਪਾਅ |
| ਵਿਕਾਸ | - | ਤਰੱਕੀ |
| ਗਲੈਕਸੀ | - | ਅਕਾਸ਼-ਗੰਗਾ, ਤਾਰਿਆਂ ਦਾ ਇਕੱਠ |
| ਸੈਟੇਲਾਈਟ | - | ਉਪਗ੍ਰਹਿ |

ਪ੍ਰਕਿਰਿਆ - ਤਰੀਕਾ, ਢੰਗ

ਰਹੱਸ - ਭੇਤ, ਗੁੱਝੀ ਗੱਲ

ਪ੍ਰਦਰਸ਼ਨੀ - ਨੁਮਾਇਸ਼, ਦਿਖਾਵਾ

ਟੈਲੀਸਕੋਪ - ਦੂਰਬੀਨ

2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:

(ੳ) ਸਾਇੰਸ ਸਿਟੀ ਦਾ ਨਾਮ ਦੱਸੋ।

(ਅ) ਸਾਇੰਸ ਸਿਟੀ ਕਿੱਥੇ ਸਥਿਤ ਹੈ?

(ੲ) ਸਾਇੰਸ ਸਿਟੀ ਦਾ ਨੀਂਹ ਪੱਥਰ ਕਦੋਂ ਤੇ ਕਿਸਨੇ ਰੱਖਿਆ?

(ਸ) ਗਲੋਬ ਕੀ ਹੈ? ਇਸ ਲਈ ਕਿੰਨੀਆਂ ਟਾਈਲਾਂ ਦੀ ਵਰਤੋਂ ਹੋਈ?

(ਹ) 3-ਡੀ ਸ਼ੋਅ ਕੀ ਹੈ?

(ਕ) ਲੇਜ਼ਰ ਦੀ ਖੋਜ ਕਦੋਂ ਤੇ ਕਿਸਨੇ ਕੀਤੀ?

(ਖ) ਸਿਹਤ ਗੈਲਰੀ ਬਾਰੇ ਤੁਸੀਂ ਕੀ ਜਾਣਦੇ ਹੋ?

(ਗ) ਊਰਜਾ-ਪਾਰਕ ਤੋਂ ਕੀ ਭਾਵ ਹੈ?

(ਘ) ਸੰਗੀਤਕ ਕੁਰਸੀ ਕੀ ਹੈ?

(ਙ) ਸਪੋਰਟਸ ਗੈਲਰੀ ਵਿਚ ਕੀ ਕੁਝ ਹੈ?

## ਸਮੂਹਿਕ ਚਰਚਾ ਅਧਿਆਪਕ ਦੀ ਸਹਾਇਤਾ ਨਾਲ

* ਇਸ ਪਾਠ ਵਿਚੋਂ ਮਨੋਰੰਜਕ ਘਟਨਾਵਾਂ ਦੀ ਚਰਚਾ।
* ਸਪੋਰਟਸ ਗੈਲਰੀ ਅਤੇ ਰੇਲਵੇ ਗੈਲਰੀ ਦੀ ਚਰਚਾ।
* ਜੰਗੀ ਹਥਿਆਰਾਂ ਨਾਲ ਸੰਬੰਧਿਤ ਜਾਣਕਾਰੀ ਤੇ ਚਰਚਾ।
* ਸਾਇੰਸ ਸਿਟੀ - ਗਿਆਨ, ਵਿਗਿਆਨ ਤੇ ਮਨੋਰੰਜਨ ਦਾ ਅਨੋਖਾ ਸੰਗਮ ਕਿੰਝ ਹੈ?
* ਡਾਇਨਾਸੋਰ ਪਾਰਕ ਵਿਚ ਡਾਇਨਾਸੋਰਾਂ ਦੇ ਮਾਡਲ ਆਪਣੀ ਕਹਾਣੀ ਆਪ ਬਿਆਨ ਕਿਵੇਂ ਕਰਦੇ ਹਨ?
* ਸਪੇਸ - ਥੀਏਟਰ ਤੇ ਆਪ ਸਿਨੇਮਾ ਦੀ ਫ਼ਿਲਮ ਬਾਰੇ ਚਰਚਾ।

# ਵਿਆਕਰਣ

# ਪਾਠ - 1

## ਬੋਲੀ

ਜਿਨ੍ਹਾਂ ਸ਼ਬਦਾਂ ਰਾਹੀਂ ਮਨੁੱਖ ਆਪਣੇ ਮਨ ਦੇ ਭਾਵਾਂ ਅਤੇ ਵਿਚਾਰਾਂ ਨੂੰ ਇੱਕ-ਦੂਜੇ ਨਾਲ ਸਾਂਝੇ ਕਰਦਾ ਹੈ, ਉਨ੍ਹਾਂ ਬੋਲਾਂ ਦੇ ਸੰਗ੍ਰਹਿ ਨੂੰ ਬੋਲੀ ਆਖਦੇ ਹਾਂ। ਬੋਲੀ ਨੂੰ ਲਿੱਖ ਕੇ ਪ੍ਰਗਟ ਕਰਨ ਲਈ ਖਾਸ ਚਿੰਨ੍ਹ ਵਰਤੇ ਜਾਂਦੇ ਹਨ, ਜਿਨ੍ਹਾਂ ਨੂੰ ਅੱਖਰ ਜਾਂ ਵਰਣ ਅਤੇ ਲਗਾਂ ਜਾਂ ਮਾਤਰਾ ਕਹਿੰਦੇ ਹਨ। ਅੱਖਰਾਂ, ਲਗਾਂ ਤੇ ਲਗਾਖਰਾਂ ਦੇ ਜੋੜ ਨੂੰ ਸ਼ਬਦ ਕਹਿੰਦੇ ਹਨ। ਜਿਵੇਂ:- ਦਿਨ, ਰਾਤ, ਮਿੱਠਾ, ਮੈਨੂੰ ਆਦਿ। ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਜੋੜ ਤੋਂ ਬਣੀ ਹੋਈ ਪੂਰੀ ਗੱਲ ਜਿਸ ਦੇ ਪੂਰੇ-ਪੂਰੇ ਅਰਥ ਹੋਣ ਨੂੰ ਵਾਕ ਆਖਦੇ ਹਨ। ਜਿਵੇਂ :- ਗੁਰਮੀਤ ਕਿਤਾਬ ਪੜ੍ਹਦਾ ਹੈ।

**ਵਿਆਕਰਣ**

ਬੋਲੀ ਨੂੰ ਠੀਕ ਢੰਗ ਨਾਲ ਬੋਲਣ ਤੇ ਲਿਖਣ ਲਈ ਬਣਾਏ ਗਏ ਨਿਯਮਾਂ ਨੂੰ ਵਿਆਕਰਣ ਆਖਦੇ ਹਨ। ਵਿਦਵਾਨਾਂ ਨੇ ਵਿਆਕਰਣ ਨੂੰ ਹੇਠ ਲਿਖੇ ਤਿੰਨ ਭਾਗਾਂ ਵਿਚ ਵੰਡਿਆ ਹੈ :-

1. **ਵਰਣ ਬੋਧ :-**
   ਵਿਆਕਰਣ ਦਾ ਉਹ ਭਾਗ ਜਿਸ ਵਿਚ ਅੱਖਰਾਂ, ਲਗਾਂ ਤੇ ਲਗਾਖਰਾਂ ਦੇ ਰੂਪ ਤੇ ਉਨ੍ਹਾਂ ਤੋਂ ਸ਼ੁੱਧ ਸ਼ਬਦ ਬਣਾਉਣ ਦੇ ਨਿਯਮ ਦੱਸੇ ਹੋਏ ਹੋਣ।
2. **ਸ਼ਬਦ ਬੋਧ :-**
   ਵਿਆਕਰਣ ਦਾ ਉਹ ਭਾਗ ਜਿਸ ਵਿਚ ਸ਼ਬਦਾਂ ਦੀ ਵੰਡ, ਰਚਨਾ ਅਤੇ ਬਣਤਰ ਦੇ ਨਿਯਮ ਦੱਸੇ ਹੋਏ ਹੋਣ।
3. **ਵਾਕ ਬੋਧ :-**
   ਵਿਆਕਰਣ ਦਾ ਉਹ ਭਾਗ ਜਿਸ ਵਿਚ ਸ਼ਬਦਾਂ ਤੋਂ ਵਾਕ ਬਣਾਉਣ ਦੇ ਨਿਯਮ ਦੱਸੇ ਗਏ ਹੋਣ।

## ਸ਼ਬਦ-ਬੋਧ

ਸ਼ਬਦ-ਬੋਧ ਵਿਆਕਰਣ ਦੇ ਉਸ ਭਾਗ ਨੂੰ ਆਖਦੇ ਹਨ ਜਿਸ ਦੇ ਵਿਚ ਸਾਰਥਕ ਸ਼ਬਦਾਂ ਦੀ ਵੰਡ, ਰੁਪਾਂਤਰ ਤੇ ਰਚਨਾ ਦਾ ਵਰਣਨ ਹੋਵੇ।

ਸ਼ਬਦ:- ਅੱਖਰਾਂ, ਲਗਾਂ ਤੇ ਲਗਾਖਰਾਂ ਦੇ ਜੋੜ ਨਾਲ ਜੋ ਉਚਾਰਣ ਪੈਦਾ ਹੁੰਦਾ ਹੈ, ਉਸ ਨੂੰ ਸ਼ਬਦ ਆਖਦੇ ਹਨ। ਜਿਵੇਂ 'ਬਰਫ਼' ਸ਼ਬਦ ਤਿੰਨ ਅੱਖਰਾਂ ਬ, ਰ, ਫ਼ ਤੋਂ ਬਣਿਆ ਹੈ ਅਤੇ 'ਮਹਿੰਦਰ' ਚਾਰ ਅੱਖਰਾਂ (ਮ, ਹ, ਦ, ਰ) ਇਕ ਮਾਤਰਾ (ਿ) ਅਤੇ ਇਕ ਲਗਾਖਰ (ਂ) ਤੋਂ ਬਣਿਆ ਹੈ।

ਸਾਰਥਕ ਸ਼ਬਦਾਂ ਦੀ ਵੰਡ

ਸ਼ਬਦ ਆਪਣੇ ਅਰਥ-ਭੇਦ ਕਰਕੇ ਅੱਠ ਪ੍ਰਕਾਰ ਦੇ ਹਨ:-

1. ਨਾਂਵ
2. ਪੜਨਾਂਵ
3. ਵਿਸ਼ੇਸ਼ਣ
4. ਕਿਰਿਆ
5. ਕਿਰਿਆ ਵਿਸ਼ੇਸ਼ਣ
6. ਸੰਬੰਧਕ
7. ਯੋਜਕ
8. ਵਿਸਮਿਕ

**1. ਨਾਂਵ :-** ਜਿਸ ਸ਼ਬਦ ਦੇ ਸੁਣਨ ਜਾਂ ਪੜ੍ਹਨ ਤੋਂ ਕਿਸੇ ਥਾਂ, ਚੀਜ਼, ਪੁਰਸ਼ ਜਾਂ ਭਾਵ ਦਾ ਗਿਆਨ ਹੋਵੇ ਉਸ ਨੂੰ ਨਾਂਵ ਕਹਿੰਦੇ ਹਨ। ਜਿਵੇਂ :- ਹਾਥੀ, ਕੁਰਸੀ, ਕਮਲਾ, ਸਚਿਆਈ ਆਦਿ।

**2. ਪੜਨਾਂਵ :-** ਉਹ ਸ਼ਬਦ ਜੋ ਨਾਂਵ ਦੀ ਥਾਂ ਵਰਤਿਆ ਜਾਵੇ, ਪੜਨਾਂਵ ਅਖਵਾਉਂਦਾ ਹੈ; ਜਿਵੇਂ :- ਮੈਂ, ਤੂੰ, ਉਹ, ਮੈਨੂੰ, ਮੇਰਾ ਆਦਿ।

**3. ਵਿਸ਼ੇਸ਼ਣ :-** ਜੋ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੇ ਗੁਣ, ਔਗੁਣ ਜਾਂ ਮਿਣਤੀ ਗਿਣਤੀ ਦੱਸੇ ਉਸ ਨੂੰ ਵਿਸ਼ੇਸ਼ਣ ਕਹਿੰਦੇ ਹਨ; ਜਿਵੇਂ :- ਚੰਗਾ, ਕਾਲਾ, ਵੱਡਾ, ਏਨਾ, ਇਹ, ਔਹ, ਪੰਜ ਆਦਿ।

**4. ਕਿਰਿਆ :-** ਜੋ ਸ਼ਬਦ ਕਿਸੇ ਕੰਮ ਦੇ ਹੋਣ ਜਾਂ ਕੀਤੇ ਜਾਣ ਨੂੰ ਪ੍ਰਗਟ ਕਰੇ, ਉਸ ਨੂੰ ਕਿਰਿਆ ਕਹਿੰਦੇ ਹਨ। ਜਿਵੇਂ :- ਆਇਆ, ਗਿਆ, ਸੌਣਾ, ਬੈਠਣਾ ਆਦਿ।

**5. ਕਿਰਿਆ ਵਿਸ਼ੇਸ਼ਣ :-** ਜੋ ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਦੇ ਹੋਏ ਕਿਰਿਆ ਦੇ ਹੋਣ ਦੇ ਕਾਰਣ, ਤਰੀਕਾ, ਸਥਾਨ ਅਤੇ ਸਮੇਂ ਬਾਰੇ ਦੱਸਣ ਉਹਨਾਂ ਨੂੰ ਕਿਰਿਆ ਵਿਸ਼ੇਸ਼ਣ ਆਖਦੇ ਹਨ। ਜਿਵੇਂ :- ਮਿਲਖਾ ਸਿੰਘ ਤੇਜ ਦੌੜਦਾ ਸੀ। ਵਾਕ ਵਿਚ ਤੇਜ ਸ਼ਬਦ ਕਿਰਿਆ ਵਿਸ਼ੇਸ਼ਣ ਹੈ। ਉਹ ਰੋਜ਼ ਸੈਰ ਕਰਨ ਜਾਂਦਾ ਹੈ। ਵਾਕ ਵਿਚ ਰੋਜ਼ ਸ਼ਬਦ ਕਿਰਿਆ ਵਿਸ਼ੇਸ਼ਣ ਹੈ।

**6. ਸੰਬੰਧਕ :-** ਜੋ ਸ਼ਬਦ ਨਾਂਵ ਜਾਂ ਪੜਨਾਂਵ ਦਾ ਸੰਬੰਧ ਵਾਕ ਦੀ ਕਿਰਿਆ ਜਾਂ ਕਿਸੇ ਹੋਰ ਸ਼ਬਦ ਨਾਲ ਪ੍ਰਗਟ ਕਰੇ ਉਸ ਨੂੰ ਸੰਬੰਧਕ ਕਹਿੰਦੇ ਹਨ; ਜਿਵੇਂ :- ਦਾ, ਦੇ, ਦੀ, ਨੇ, ਨੂੰ ਆਦਿ।

**7. ਯੋਜਕ :-** ਜੋ ਸ਼ਬਦ ਦੋ ਵਾਕਾਂ ਜਾਂ ਸ਼ਬਦਾਂ ਨੂੰ ਆਪਸ ਵਿਚ ਜੋੜਨ, ਉਨ੍ਹਾਂ ਨੂੰ ਯੋਜਕ ਕਹਿੰਦੇ ਹਨ; ਜਿਵੇਂ :- ਤੇ, ਅਤੇ, ਪਰ, ਕਿ, ਕਿਉਂਕਿ ਆਦਿ।

**8. ਵਿਸਮਿਕ :-** ਜੋ ਸ਼ਬਦ ਕਿਸੇ ਨੂੰ ਸੰਬੋਧਨ ਕਰਨ, ਮਨ ਦੀ ਖੁਸ਼ੀ ਜਾਂ ਗ਼ਮੀ ਤੇ ਹੈਰਾਨੀ ਆਦਿ ਲਈ ਵਰਤੇ ਜਾਣ, ਉਨ੍ਹਾਂ ਨੂੰ ਵਿਸਮਿਕ ਕਹਿੰਦੇ ਹਨ; ਜਿਵੇਂ :- ਵੇ !, ਓਏ !, ਵਾਹ !, ਹਾਏ !, ਸੱਚੀਂ ! ਆਦਿ।

## ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :
   (ੳ) ਸ਼ਬਦ-ਬੋਧ ਤੋਂ ਕੀ ਭਾਵ ਹੈ ?
   (ਅ) ਸ਼ਬਦ ਕਿਸ ਨੂੰ ਆਖਦੇ ਹਨ ?
   (ੲ) ਸ਼ਬਦ ਆਪਣੇ ਅਰਥ-ਭੇਦ ਕਰਕੇ ਕਿੰਨੇ ਤਰ੍ਹਾਂ ਦੇ ਹਨ ?
   (ਸ) ਨਾਂਵ ਕਿਸ ਨੂੰ ਆਖਦੇ ਹਨ ?
   (ਹ) ਪੜਨਾਂਵ ਦੀ ਪਰਿਭਾਸ਼ਾ ਲਿਖੋ।
   (ਕ) ਕਿਰਿਆ ਕਿਸ ਨੂੰ ਕਹਿੰਦੇ ਹਨ ?
   (ਖ) ਯੋਜਕ ਕਿਸ ਨੂੰ ਕਹਿੰਦੇ ਹਨ ?
2. ਖ਼ਾਲੀ ਥਾਂਵਾਂ ਭਰੋ :
   (ੳ) ਜੋ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਦੱਸੇ, ਉਸ ਨੂੰ .................. ਕਹਿੰਦੇ ਹਨ।
   (ਅ) ਜੋ ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਨ ਉਸ ਨੂੰ ................. ਕਹਿੰਦੇ ਹਨ।

(ੲ) ਜੋ ਸ਼ਬਦ ਮਨ ਦੀ ਖੁਸ਼ੀ, ਗ਼ਮੀ ਤੇ ਹੈਰਾਨੀ ਨੂੰ ਪ੍ਰਗਟਾਉਣ, ਉਹ .................. ਸ਼ਬਦ ਅਖਵਾਉਂਦੇ ਹਨ।

(ਸ) ਨਾਂਵ ਦੀ ਥਾਂ 'ਤੇ ਵਰਤੇ ਜਾਣ ਵਾਲੇ ਸ਼ਬਦ .................. ਅਖਵਾਉਂਦੇ ਹਨ।

**3.** ਸਹੀ ਮਿਲਾਨ ਕਰੋ :

| | | |
|---|---|---|
| (ੳ) | ਖਾਣਾ | ਪੜਨਾਂਵ |
| (ਅ) | ਮੇਜ਼ | ਕਿਰਿਆ ਵਿਸ਼ੇਸ਼ਣ |
| (ੲ) | ਮੇਰਾ | ਸੰਬੰਧਕ |
| (ਸ) | ਅਤੇ | ਨਾਂਵ |
| (ਹ) | ਕਾਲਾ | ਯੋਜਕ |
| (ਕ) | ਹਾਏ ! | ਵਿਸ਼ੇਸ਼ਣ |
| (ਖ) | ਦਾ | ਕਿਰਿਆ |
| (ਗ) | ਹੌਲੀ | ਵਿਸਮਿਕ |

**4.** ਹੇਠ ਲਿਖੇ ਵਾਕਾਂ ਵਿੱਚ ਲਕੀਰੇ ਸ਼ਬਦ, ਸ਼ਬਦ ਦਾ ਕਿਹੜਾ ਰੂਪ ਹਨ :

(ੳ) ਸੁਰਜੀਤ ਸਕੂਲ ਜਾਂਦਾ ਹੈ।

(ਅ) ਗੁਰਮੀਤ ਹਾਕੀ ਖੇਡਦਾ ਹੈ।

(ੲ) ਉਹ ਤੇਜ ਤੁਰਦਾ ਹੈ।

(ਸ) ਓਏ ! ਉਸ ਦੀ ਕਿਤਾਬ ਵਾਪਸ ਕਰ।

(ਹ) ਉਹ ਅਤੇ ਉਸਦਾ ਮੋਟਾ ਦੋਸਤ ਦੋਵੇਂ ਆਏ।

# ਪਾਠ - 2

## ਪੁਲਿੰਗ ਤੇ ਇਸਤਰੀ ਲਿੰਗ

**ਲਿੰਗ**

ਕੋਈ ਸ਼ਬਦ ਇਸਤਰੀ ਭਾਵ ਦਾ ਹੈ ਜਾਂ ਪੁਰਸ਼ ਭਾਵ ਦਾ, ਇਸ ਭੇਦ ਨੂੰ ਲਿੰਗ ਕਹਿੰਦੇ ਹਨ।

**ਲਿੰਗ ਦੇ ਪ੍ਰਕਾਰ**

ਲਿੰਗ ਹੇਠ ਲਿਖੇ ਦੋ ਪ੍ਰਕਾਰ ਦੇ ਹੁੰਦੇ ਹਨ।

**1. ਪੁਲਿੰਗ**

ਜਿਸ ਸ਼ਬਦ ਦੇ ਭਾਵ ਤੋਂ ਕਿਸੇ ਪੁਰਖ ਜਾਂ ਨਰ ਦਾ ਗਿਆਨ ਹੋਵੇ ਉਸ ਨੂੰ ਪੁਲਿੰਗ ਕਹਿੰਦੇ ਹਨ। ਜਿਵੇਂ:- ਘੋੜਾ, ਸੋਹਨ ਸਿੰਘ, ਬੰਦਾ, ਮਾਮਾ ਆਦਿ।

**2. ਇਸਤਰੀ ਲਿੰਗ**

ਜਿਸ ਸ਼ਬਦ ਦੇ ਭਾਵ ਤੋਂ ਇਸਤਰੀ ਹੋਣ ਦਾ ਗਿਆਨ ਹੋਵੇ ਉਸ ਸ਼ਬਦ ਨੂੰ ਇਸਤਰੀ ਲਿੰਗ ਕਹਿੰਦੇ ਹਨ। ਜਿਵੇਂ:- ਘੋੜੀ, ਰੇਸ਼ਮ ਕੌਰ, ਤੀਵੀਂ, ਮਾਮੀ ਆਦਿ।

**ਪੁਲਿੰਗ ਤੋਂ ਇਸਤਰੀ ਲਿੰਗ ਬਣਾਉਣ ਦੇ ਢੰਗ**

1. ਜਿਸ ਪੁਰਸ਼ ਸ਼ਬਦ ਦੇ ਅੰਤ ਵਿਚ ਕੰਨਾ ਹੋਵੇ, ਉਸ ਕੰਨੇ ਨੂੰ ਹਟਾ ਕੇ ਉਸ ਦੀ ਥਾਂ ਬਿਹਾਰੀ ( ੀ ), ਨ, ਣ ਲਗਾ ਦੇਣ ਜਾਂ ਕੇਵਲ ਕੰਨਾ ਹਟਾ ਦੇਣ ਨਾਲ ਇਸਤਰੀ-ਲਿੰਗ ਬਣ ਜਾਂਦਾ ਹੈ :

| ਪੁਲਿੰਗ | - | ਇਸਤਰੀ ਲਿੰਗ | ਪੁਲਿੰਗ | - | ਇਸਤਰੀ ਲਿੰਗ |
|---|---|---|---|---|---|
| ਨਾਨਾ | - | ਨਾਨੀ | ਪਠੋਰਾ | - | ਪਠੋਰੀ |
| ਸਾਲ਼ਾ | - | ਸਾਲ਼ੀ | ਬੋਤਾ | - | ਬੋਤੀ |
| ਖੋਤਾ | - | ਖੋਤੀ | ਪੱਖਾ | - | ਪੱਖੀ |
| ਕੁੱਤਾ | - | ਕੁੱਤੀ | ਚਰਖਾ | - | ਚਰਖੀ |
| ਘੋੜਾ | - | ਘੋੜੀ | ਭੁੱਖਾ | - | ਭੁੱਖੀ |
| ਮਟਕਾ | - | ਮਟਕੀ | ਝੋਟਾ | - | ਝੋਟੀ |
| ਚਾਚਾ | - | ਚਾਚੀ | ਮੰਜਾ | - | ਮੰਜੀ |
| ਪੋਥਾ | - | ਪੋਥੀ | ਕੁੱਜਾ | - | ਕੁੱਜੀ |
| ਸੋਟਾ | - | ਸੋਟੀ | ਮੁਰਗਾ | - | ਮੁਰਗੀ |
| ਛੁਰਾ | - | ਛੁਰੀ | ਝੁੱਗਾ | - | ਝੁੱਗੀ |
| ਕਤੂਰਾ | - | ਕਤੂਰੀ | ਡੰਡਾ | - | ਡੰਡੀ |
| ਝੰਡਾ | - | ਝੰਡੀ | ਪੂਰਬੀਆ | - | ਪੂਰਬਣ |
| ਵੱਡਾ | - | ਵੱਡੀ | ਪਹਾੜੀਆ | - | ਪਹਾੜਨ |
| ਫੱਟਾ | - | ਫੱਟੀ | ਗਵਾਲਾ | - | ਗਵਾਲਣ |
| ਕੰਘਾ | - | ਕੰਘੀ | ਲਾਹੌਰੀਆ | - | ਲਾਹੌਰਨ |
| ਗੱਡਾ | - | ਗੱਡੀ | ਪਸ਼ੌਰੀਆ | - | ਪਸ਼ੌਰਨ |
| ਵੱਛਾ | - | ਵੱਛੀ | ਤੀਲ੍ਹਾ | - | ਤੀਲ੍ਹੀ |

| | | | | | |
|---|---|---|---|---|---|
| ਦੋਹਤਾ | - | ਦੋਹਤੀ | ਪੋਤਰਾ | - | ਪੋਤਰੀ |

2. ਜਿਨ੍ਹਾਂ ਪੁਲਿੰਗ ਸ਼ਬਦਾਂ ਦੇ ਅੰਤ ਵਿਚ ਮੁਕਤਾ ਹੋਵੇ, ਉਨ੍ਹਾਂ ਅੱਗੇ ਕੰਨਾ ( ਾ ), ਬਿਹਾਰੀ ( ੀ ), ਨੀ, ਣੀ, ਆਣੀ, ੜੀ, ਕੀ ਲਗਾਇਆਂ ਇਸਤਰੀ-ਲਿੰਗ ਬਣ ਜਾਂਦਾ ਹੈ :

| ਪੁਲਿੰਗ | - | ਇਸਤਰੀ ਲਿੰਗ | ਪੁਲਿੰਗ | - | ਇਸਤਰੀ ਲਿੰਗ |
|---|---|---|---|---|---|
| ਹਿਰਨ | - | ਹਿਰਨੀ | ਸੱਪ | - | ਸੱਪਣੀ |
| ਗੁੱਜਰ | - | ਗੁੱਜਰੀ | ਜੱਟ | - | ਜੱਟੀ |
| ਬ੍ਰਾਹਮਣ | - | ਬ੍ਰਾਹਮਣੀ | ਪੰਡਤ | - | ਪੰਡਤਾਣੀ |
| ਥਾਲ਼ | - | ਥਾਲ਼ੀ | ਸੰਤ | - | ਸੰਤਣੀ |
| ਜਾਲ਼ | - | ਜਾਲ਼ੀ | ਵਕੀਲ | - | ਵਕੀਲਣੀ |
| ਉਪਦੇਸ਼ਕ | - | ਉਪਦੇਸ਼ਕਾ | ਜਾਦੂਗਰ | - | ਜਾਦੂਗਰਨੀ |
| ਦਾਸ | - | ਦਾਸੀ | ਬਾਜ਼ੀਗਰ | - | ਬਾਜ਼ੀਗਰਨੀ |
| ਅਧਿਆਪਕ | - | ਅਧਿਆਪਕਾ | ਮੋਰ | - | ਮੋਰਨੀ |
| ਜੇਠ | - | ਜੇਠਾਣੀ | ਸੇਠ | - | ਸੇਠਾਣੀ |
| ਸਿੰਘ | - | ਸਿੰਘਣੀ | ਮੁਗਲ | - | ਮੁਗਲਾਣੀ |
| ਕਵੀ | - | ਕਵਿਤਰੀ | ਢੋਲ | - | ਢੋਲਕੀ |
| ਫ਼ਕੀਰ | - | ਫ਼ਕੀਰਨੀ | ਸੰਦੂਕ | - | ਸੰਦੂਕੜੀ |
| ਬਾਲ | - | ਬਾਲੜੀ | | | |

3. ਜਿਹੜੇ ਪੁਲਿੰਗ ਸ਼ਬਦ ਦੇ ਅੰਤ ਵਿਚ ਬਿਹਾਰੀ ( ੀ ) ਹੋਵੇ, ਉਨ੍ਹਾਂ ਦੀ ਬਿਹਾਰੀ ਹਟਾ ਕੇ ਉਸ ਦੀ ਥਾਂ ਨ, ਣ, ਆਣੀ ਜਾਂ ਨੀ ਲਗਾਉਣ ਨਾਲ ਇਸਤਰੀ-ਲਿੰਗ ਬਣ ਜਾਂਦਾ ਹੈ :

| ਪੁਲਿੰਗ | - | ਇਸਤਰੀ ਲਿੰਗ | ਪੁਲਿੰਗ | - | ਇਸਤਰੀ ਲਿੰਗ |
|---|---|---|---|---|---|
| ਪੰਜਾਬੀ | - | ਪੰਜਾਬਣ | ਚੌਧਰੀ | - | ਚੌਧਰਾਣੀ |
| ਧੋਬੀ | - | ਧੋਬਣ | ਹਾਥੀ | - | ਹਥਣੀ |
| ਪਤੀ | - | ਪਤਨੀ | ਗਵਾਂਢੀ | - | ਗਵਾਂਢਣ |
| ਲਿਖਾਰੀ | - | ਲਿਖਾਰਨ | ਮਾਲੀ | - | ਮਾਲਣ |
| ਖੱਤਰੀ | - | ਖਤਰਾਣੀ | ਮੁਨਸ਼ੀ | - | ਮੁਨਸ਼ਿਆਣੀ |
| ਸੋਢੀ | - | ਸੋਢਣ | ਕਸ਼ਮੀਰੀ | - | ਕਸ਼ਮੀਰਨ |
| ਬੇਦੀ | - | ਬੇਦਣ | ਬੰਗਾਲੀ | - | ਬੰਗਾਲਣ |
| ਪਹਾੜੀਆ | - | ਪਹਾੜਨ | ਗੁਜਰਾਤੀ | - | ਗੁਜਰਾਤਣ |

4. ਜਿਨ੍ਹਾਂ ਪੁਲਿੰਗ ਸ਼ਬਦਾਂ ਦੇ ਅੰਤ ਵਿਚ ਦੁਲੈਂਕੜ ( ੂ ) ਲੱਗੀ ਹੋਵੇ, ਉਨ੍ਹਾਂ ਨੂੰ ਹਟਾ ਕੇ ਅੰਤ ਵਿਚ ਣ, ਆਣੀ ਜਾਂ ਵਾਣੀ ਲੱਗਣ ਨਾਲ ਇਸਤਰੀ-ਲਿੰਗ ਬਣ ਜਾਂਦਾ ਹੈ :

| ਪੁਲਿੰਗ | - | ਇਸਤਰੀ ਲਿੰਗ | ਪੁਲਿੰਗ | - | ਇਸਤਰੀ ਲਿੰਗ |
|---|---|---|---|---|---|
| ਬਾਬੂ | - | ਬਾਬੂਆਣੀ | ਪੜ੍ਹਾਕੂ | - | ਪੜ੍ਹਾਕਣ |

5. ਕੁੱਝ ਨਾਵਾਂ ਦੇ ਲਿੰਗ ਬਦਲਣ ਲਈ ਕੋਈ ਨਿਯਮ ਲਾਗੂ ਨਹੀਂ ਹੁੰਦਾ। ਉਨ੍ਹਾਂ ਦੀਆਂ ਉਦਾਹਰਣਾਂ ਇਸ ਪ੍ਰਕਾਰ ਹਨ :

| ਪੁਲਿੰਗ | - | ਇਸਤਰੀ ਲਿੰਗ | ਪੁਲਿੰਗ | - | ਇਸਤਰੀ ਲਿੰਗ |
|---|---|---|---|---|---|
| ਰਾਜਾ | - | ਰਾਣੀ | ਪੁੱਤਰ | - | ਧੀ |
| ਪਿਉ | - | ਮਾਂ | ਪਿਤਾ | - | ਮਾਤਾ |
| ਫੁੱਫੜ | - | ਭੂਆ | ਸਹੁਰਾ | - | ਸੱਸ |
| ਬਲਦ | - | ਗਊ | ਮਾਸੜ | - | ਮਾਸੀ |
| ਮਰਦ | - | ਔਰਤ | ਭੂਤ | - | ਭੂਤਣੀ |
| ਵਰ | - | ਕੰਨਿਆ | ਆਦਮੀ | - | ਔਰਤ |
| ਗੱਭਰੂ | - | ਮੁਟਿਆਰ | ਮੁੰਡਾ | - | ਕੁੜੀ |
| ਸਾਂਢੂ | - | ਸਾਲ਼ੀ | ਦੇਵਤਾ | - | ਦੇਵੀ |

6. ਕਿਸੇ ਪੁਲਿੰਗ ਦੇ ਇਸਤਰੀ ਲਿੰਗ ਦੋ ਵੀ ਹੋ ਸਕਦੇ ਹਨ, ਪਰ ਉਨ੍ਹਾਂ ਦੇ ਅਰਥ ਵੱਖ-ਵੱਖ ਹੁੰਦੇ ਹਨ। ਇਸੇ ਤਰ੍ਹਾਂ ਕਿਸੇ ਇਸਤਰੀ ਲਿੰਗ ਦੇ ਦੋ ਪੁਲਿੰਗ ਵੱਖ-ਵੱਖ ਅਰਥ ਵਾਲੇ ਹੋ ਸਕਦੇ ਹਨ, ਜਿਵੇਂ :-

| ਸ਼ਬਦ | - | ਵਿਰੋਧੀ ਲਿੰਗ |
|---|---|---|
| ਧੀ | - | ਪੁੱਤਰ, ਜਵਾਈ |
| ਸਾਲ਼ੀ | - | ਸਾਂਢੂ, ਸਾਲ਼ਾ |
| ਭੈਣ | - | ਭਰਾ, ਭਣਵਈਆ |
| ਪੁੱਤਰ | - | ਧੀ, ਨੂੰਹ, ਪੁੱਤਰੀ |
| ਭਰਾ | - | ਭੈਣ, ਭਰਜਾਈ |
| ਸਾਲ਼ਾ | - | ਸਾਲ਼ੀ, ਸਾਲ਼ੇਹਾਰ |

7. ਕੁੱਝ ਪੁਲਿੰਗ ਅਜਿਹੇ ਹਨ ਜਿਨ੍ਹਾਂ ਦੇ ਅੰਤ ਵਿਚ 'ੜੀ' ਜਾਂ 'ਕੀ' ਜਾਂ 'ਚੀ' ਲਗਾਉਣ ਨਾਲ ਇਸਤਰੀ ਲਿੰਗ ਸ਼ਬਦ ਬਣਦੇ ਹਨ :

| ਪੁਲਿੰਗ | - | ਇਸਤਰੀ ਲਿੰਗ | ਪੁਲਿੰਗ | - | ਇਸਤਰੀ ਲਿੰਗ |
|---|---|---|---|---|---|
| ਬੱਚਾ | - | ਬੱਚੜੀ | ਹੱਟ | - | ਹੱਟੀ |
| ਕੋਠਾ | - | ਕੋਠੜੀ | ਢੋਲ | - | ਢੋਲਕੀ |
| ਬਾਲ | - | ਬਾਲੜੀ | ਬਾਗ | - | ਬਗੀਚੀ |
| ਖੂਹ | - | ਖੂਹੀ | | | |

# ਅਭਿਆਸ

1. ਹੇਠ ਲਿਖੇ ਪੁਲਿੰਗ ਸ਼ਬਦਾਂ ਦੇ ਇਸਤਰੀ ਲਿੰਗ ਬਣਾਉ :

   ਚਾਚਾ, ਮੁਰਗਾ, ਅਧਿਆਪਕ, ਬੰਗਾਲੀ, ਪੜ੍ਹਾਕੂ, ਫੁੱਫੜ, ਮੁੰਡਾ, ਕੋਠਾ, ਗੁੱਜਰ, ਕਵੀ।
2. ਹੇਠ ਲਿਖੇ ਇਸਤਰੀ ਲਿੰਗ ਸ਼ਬਦਾਂ ਦੇ ਪੁਲਿੰਗ ਬਣਾਉ :

   ਸੋਟੀ, ਪੋਤਰੀ, ਜੱਟੀ, ਪਤਨੀ, ਸੱਸ, ਮੁਟਿਆਰ, ਸਾਲ਼ੀ, ਢੋਲਕੀ, ਬਾਜ਼ੀਗਰਨੀ, ਕੁੱਤੀ।
3. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਲਿੰਗ ਬਣਾਉ :

   ਮਟਕਾ, ਖੋਤੀ, ਜੇਠ, ਬ੍ਰਾਹਮਣ, ਪੰਜਾਬਣ, ਦੇਵੀ, ਹਿੰਦੂ, ਹੱਟੀ, ਆਦਮੀ, ਫ਼ਕੀਰ।
4. ਸਹੀ ਮਿਲਾਨ ਕਰੋ :

| | |
|---|---|
| ਪੰਡਤ | ਧੀ |
| ਔਰਤ | ਨਾਇਣ |
| ਨਾਈ | ਪਹਾੜੀਆ |
| ਪੁੱਤਰ | ਮਰਦ |
| ਪਹਾੜਨ | ਪੰਡਤਾਣੀ |

# ਪਾਠ - 3

## ਇਕ-ਵਚਨ ਤੇ ਬਹੁ-ਵਚਨ

**ਲੱਛਣ:-**

ਇਕ ਚੀਜ਼ ਤੇ ਬਹੁਤੀਆਂ ਚੀਜ਼ਾਂ ਦਾ ਜੋ ਭੇਦ ਹੈ, ਉਸ ਨੂੰ ਵਚਨ ਆਖਿਆ ਜਾਂਦਾ ਹੈ, ਜਿਵੇਂ :- ਰਾਜਾ - ਰਾਜੇ, ਮੁੰਡਾ - ਮੁੰਡੇ, ਕੁੜੀ - ਕੁੜੀਆਂ ਆਦਿ।

**ਵਚਨ ਦੇ ਭੇਦ**

**1. ਇਕ-ਵਚਨ**

ਜੋ ਸ਼ਬਦ ਕਿਸੇ ਇਕ ਚੀਜ਼ ਦੇ ਹੋਣ ਦਾ ਭਾਵ ਪ੍ਰਗਟ ਕਰੇ ਉਸ ਨੂੰ ਇਕ ਵਚਨ ਕਹਿੰਦੇ ਹਨ। ਜਿਵੇਂ:- ਮੁੰਡਾ, ਮੰਜਾ, ਬਿਸਤਰਾ, ਰਾਜਾ ਆਦਿ।

**2. ਬਹੁ-ਵਚਨ**

ਜੋ ਸ਼ਬਦ ਕਿਸੇ ਚੀਜ ਦੀ ਇਕ ਤੋਂ ਵਧੀਕ ਗਿਣਤੀ ਪ੍ਰਗਟ ਕਰੇ, ਉਸ ਨੂੰ ਬਹੁ ਵਚਨ ਕਹਿੰਦੇ ਹਨ। ਜਿਵੇਂ:- ਮੁੰਡੇ, ਮੰਜੇ, ਬਿਸਤਰੇ, ਰਾਜੇ ਆਦਿ।

1. ਜਦ ਪੁਲਿੰਗ ਨਾਂਵ ਦੇ ਅੰਤ ਵਿਚ ਕੰਨਾ ( ਾ ) ਹੋਵੇ ਤਾਂ ਉਸ ਕੰਨੇ ਦੀ ਥਾਂ ਲਾਂ ( ੇ ) ਲਗਾਉਣ ਨਾਲ ਬਹੁ ਵਚਨ ਬਣ ਜਾਂਦਾ ਹੈ। ਜਿਵੇਂ :-

| ਇਕ ਵਚਨ | - | ਬਹੁ ਵਚਨ | ਇਕ ਵਚਨ | - | ਬਹੁ ਵਚਨ |
|---|---|---|---|---|---|
| ਛੋਟਾ | - | ਛੋਟੇ | ਵੱਡਾ | - | ਵੱਡੇ |
| ਕੱਟਾ | - | ਕੱਟੇ | ਬੰਦਾ | - | ਬੰਦੇ |
| ਵੱਟਾ | - | ਵੱਟੇ | ਮਾਮਾ | - | ਮਾਮੇ |
| ਟੋਟਾ | - | ਟੋਟੇ | ਚਾਚਾ | - | ਚਾਚੇ |
| ਖੋਟਾ | - | ਖੋਟੇ | ਵੱਛਾ | - | ਵੱਛੇ |
| ਨਿੱਕਾ | - | ਨਿੱਕੇ | ਡੰਡਾ | - | ਡੰਡੇ |
| ਕਾਕਾ | - | ਕਾਕੇ | ਪੱਖਾ | - | ਪੱਖੇ |
| ਬਾਂਕਾ | - | ਬਾਂਕੇ | ਮੰਜਾ | - | ਮੰਜੇ |
| ਰੰਬਾ | - | ਰੰਬੇ | ਸ਼ੀਸ਼ਾ | - | ਸ਼ੀਸ਼ੇ |

2. ਜਦ ਇਸਤਰੀ ਲਿੰਗ ਨਾਂਵ ਦੇ ਅੰਤ ਵਿਚ ਬਿਹਾਰੀ ਜਾਂ ਕੋਈ ਹੋਰ ਮਾਤਰਾ ਹੋਵੇ ਤਾਂ ਉਸ ਅੱਗੇ 'ਆਂ' ਲਗਾਇਆਂ ਬਹੁ ਵਚਨ ਬਣ ਜਾਂਦਾ ਹੈ:

| ਇਕ ਵਚਨ | - | ਬਹੁ ਵਚਨ | ਇਕ ਵਚਨ | - | ਬਹੁ ਵਚਨ |
|---|---|---|---|---|---|
| ਘੋੜੀ | - | ਘੋੜੀਆਂ | ਖੇਤੀ | - | ਖੇਤੀਆਂ |
| ਬੇਰੀ | - | ਬੇਰੀਆਂ | ਧਰਤੀ | - | ਧਰਤੀਆਂ |
| ਕੁਰਸੀ | - | ਕੁਰਸੀਆਂ | ਝੰਡੀ | - | ਝੰਡੀਆਂ |

| | | | | | |
|---|---|---|---|---|---|
| ਫੱਟੀ | - | ਫੱਟੀਆਂ | ਵਸਤੂ | - | ਵਸਤੂਆਂ |
| ਹਰਨੀ | - | ਹਰਨੀਆਂ | ਗਊ | - | ਗਊਆਂ |
| ਘੰਟੀ | - | ਘੰਟੀਆਂ | ਥਾਪੀ | - | ਥਾਪੀਆਂ |
| ਜੁੱਤੀ | - | ਜੁੱਤੀਆਂ | ਕਾਪੀ | - | ਕਾਪੀਆਂ |
| ਸੋਟਾ | - | ਸੋਟੀਆਂ | ਰੋਟੀ | - | ਰੋਟੀਆਂ |
| ਕੁੜੀ | - | ਕੁੜੀਆਂ | ਬੋਰੀ | - | ਬੋਰੀਆਂ |
| ਧੀ | - | ਧੀਆਂ | | | |

3. ਜਦ ਇਸਤਰੀ ਲਿੰਗ ਦਾ ਆਖਰੀ ਅੱਖਰ ਮੁਕਤਾ ਹੋਵੇ ਤਾਂ ਉਸ ਦੇ ਅੱਗੇ ਕੰਨੇ ਉਤੇ ਬਿੰਦੀ ( ਾਂ ) ਲਗਾ ਦੇਣ ਨਾਲ ਬਹੁ ਵਚਨ ਬਣ ਜਾਂਦਾ ਹੈ :

| ਇਕ ਵਚਨ | - | ਬਹੁ ਵਚਨ | ਇਕ ਵਚਨ | - | ਬਹੁ ਵਚਨ |
|---|---|---|---|---|---|
| ਚੀਜ਼ | - | ਚੀਜ਼ਾਂ | ਔਰਤ | - | ਔਰਤਾਂ |
| ਵੇਲ | - | ਵੇਲਾਂ | ਮੋਟਰ | - | ਮੋਟਰਾਂ |
| ਕਮੀਜ਼ | - | ਕਮੀਜ਼ਾਂ | ਬੱਸ | - | ਬੱਸਾਂ |
| ਨੂੰਹ | - | ਨੂੰਹਾਂ | ਚੱਪਲ | - | ਚੱਪਲਾਂ |
| ਦਾਲ | - | ਦਾਲਾਂ | ਮੇਜ਼ | - | ਮੇਜ਼ਾਂ |
| ਇੱਟ | - | ਇੱਟਾਂ | ਕਾਰ | - | ਕਾਰਾਂ |
| ਬੋਤਲ | - | ਬੋਤਲਾਂ | ਸੈਂਡਲ | - | ਸੈਂਡਲਾਂ |

4. ਜਦ ਇਸਤਰੀ ਲਿੰਗ ਦੇ ਅੰਤ ਵਿਚ ਕੰਨਾ ( ਾ ) ਜਾਂ ਕੰਨਾ ਬਿੰਦੀ ( ਾਂ ) ਹੋਵੇ ਤਾਂ ਅਖੀਰ ਵਿਚ 'ਵਾਂ' ਲਗਾ ਦੇਣ ਨਾਲ ਵੀ ਬਹੁ ਵਚਨ ਬਣ ਜਾਂਦਾ ਹੈ :

| ਇਕ ਵਚਨ | - | ਬਹੁ ਵਚਨ | ਇਕ ਵਚਨ | - | ਬਹੁ ਵਚਨ |
|---|---|---|---|---|---|
| ਹਵਾ | - | ਹਵਾਵਾਂ | ਖੜਾਂ | - | ਖੜਾਂਵਾਂ |
| ਕਥਾ | - | ਕਥਾਵਾਂ | ਛਾਂ | - | ਛਾਂਵਾਂ |
| ਕਲਾ | - | ਕਲਾਵਾਂ | ਕਵਿਤਾ | - | ਕਵਿਤਾਵਾਂ |
| ਬਲ਼ਾ | - | ਬਲ਼ਾਵਾਂ | ਮਾਂ | - | ਮਾਂਵਾਂ |
| ਗਾਂ | - | ਗਾਂਵਾਂ | ਸਰਾਂ | - | ਸਰਾਂਵਾਂ |
| ਥਾਂ | - | ਥਾਂਵਾਂ | | | |

5. ਜਿਨ੍ਹਾਂ ਪੁਲਿੰਗ ਨਾਂਵਾਂ ਦੇ ਅੰਤ ਵਿਚ ਮੁਕਤਾ ( ਅ ) ਹੋਵੇ ਉਨ੍ਹਾਂ ਦਾ ਬਹੁ ਵਚਨ ਵੀ ਆਮ ਤੌਰ ਤੇ ਉਹੀ ਹੁੰਦਾ ਹੈ :

| ਇਕ ਵਚਨ | - | ਬਹੁ ਵਚਨ | ਇਕ ਵਚਨ | - | ਬਹੁ ਵਚਨ |
|---|---|---|---|---|---|
| ਸਕੂਲ | - | ਸਕੂਲ | ਮਾਸਟਰ | - | ਮਾਸਟਰ |
| ਹਿਰਨ | - | ਹਿਰਨ | ਚੋਰ | - | ਚੋਰ |

| | | | | | |
|---|---|---|---|---|---|
| ਭਗਤ | - | ਭਗਤ | ਪੁੱਤਰ | - | ਪੁੱਤਰ |
| ਧਰਮ | - | ਧਰਮ | ਲੋਕ | - | ਲੋਕ |
| ਸਾਈਕਲ | - | ਸਾਈਕਲ | ਫਲ਼ | - | ਫਲ਼ |
| ਵਕਤ | - | ਵਕਤ | | | |

ਨੋਟ:- ਇਨ੍ਹਾਂ ਸ਼ਬਦਾਂ ਦੇ ਨਾਲ ਸੰਬੰਧਕ ਲੱਗਣ ਵੇਲੇ ਇਨ੍ਹਾਂ ਨਾਲ ਕੰਨਾ ਬਿੰਦੀ ( ਾਂ ) ਲਾ ਕੇ ਬਹੁ ਵਚਨ ਬਣਾਇਆ ਜਾਂਦਾ ਹੈ। ਜਿਵੇਂ:-

(ੳ) ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

(ਅ) ਹਿਰਨਾਂ ਦੀ ਡਾਰ ਜਾ ਰਹੀ ਸੀ।

(ੲ) ਲੋਕਾਂ ਦਾ ਇਕੱਠ ਜਾ ਰਿਹਾ ਸੀ।

(ਸ) ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਹੈ।

(ਹ) ਪੁਲਿਸ ਚੋਰਾਂ ਨੂੰ ਫੜ੍ਹਦੀ ਹੈ।

## ਅਭਿਆਸ

1. ਹੇਠ ਲਿਖੇ ਸ਼ਬਦਾਂ ਦੇ ਇਕ ਵਚਨ ਤੋਂ ਬਹੁ ਵਚਨ ਬਣਾਉ :
   ਮਾਮਾ, ਝੰਡੀ, ਦਾਲ, ਗਾਂ, ਕੁਰਸੀ।
2. ਹੇਠ ਲਿਖੇ ਸ਼ਬਦਾਂ ਦੇ ਬਹੁ ਵਚਨ ਤੋਂ ਇਕ ਵਚਨ ਬਣਾਉ :
   ਕਾਕੇ, ਬੇਰੀਆਂ, ਰੋਟੀਆਂ, ਕਾਰਾਂ, ਹਵਾਵਾਂ।
3. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ :
   ਸ਼ੀਸ਼ੇ, ਧਰਤੀ, ਵਸਤੂ, ਬੋਰੀਆਂ, ਮੇਜ਼, ਬੋਤਲਾਂ, ਮਾਂਵਾਂ, ਛਾਂ, ਖੋਟੇ, ਖੇਤੀ।
4. ਸਹੀ ਮਿਲਾਨ ਕਰੋ :

| | |
|---|---|
| ਕਮੀਜ਼ | ਨਿੱਕਾ |
| ਕਲਾ | ਘੋੜੀ |
| ਘੋੜੀਆਂ | ਕਮੀਜ਼ਾਂ |
| ਨਿੱਕੇ | ਬੱਸਾਂ |
| ਬੱਸ | ਕਲਾਵਾਂ |